# ਹਰਫ਼ਾਂ ਦੀ ਜੋਤ

**ਇਸੇ ਕਲਮ ਤੋਂ :**

* ਉਹ ਮੌਸਮ ਮੁੜ ਆਵੇਗਾ (2010)

# ਹਰਫ਼ਾਂ ਦੀ ਜੋਤ

ਮਨਪ੍ਰੀਤ ਸੁਖਵਿੰਦਰ

*Punjabi Poetry/Ghazal/Songs*

ISBN : 978-93-5017-888-1
Price : 125/-

**Harfaan Di Jot**

*by*

**Manpreet Sukhwinder**
Village Kularan, P.O. Dhingi,
Teh. Nabha, Distt. Patiala
Ph. 94633-28088

2012
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2012*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਿਤ

ਪੰਜਾਬੀ ਸਾਹਿਤ ਦੀ ਮਾਣਯੋਗ ਸ਼ਖਸ਼ੀਅਤ 'ਸ੍ਰੀਮਤੀ ਪਰਮਜੀਤ ਕੌਰ ਸਰਹਿੰਦ' ਨੇ ਜਿੱਥੇ ਆਪਣੀ ਉਸਾਰੂ ਸੋਚ ਅਤੇ ਪ੍ਰਭਾਵਸ਼ਾਲੀ ਕਲਮ ਨਾਲ ਪੰਜਾਬੀ ਸਭਿਆਚਾਰ ਦੇ ਤਕਰੀਬਨ ਸਾਰੇ ਰੰਗਾਂ ਨੂੰ ਆਪਣੀ ਲੇਖਣੀ ਦਾ ਹਿੱਸਾ ਬਣਾਇਆ ਹੈ। ਉਥੇ ਖਾਸਕਰ ਪੰਜਾਬੀ ਸੱਭਿਆਚਾਰ ਦੇ ਅਲੋਪ ਹੋ ਚੁੱਕੇ ਜਾਂ ਅਲੋਪ ਹੋਣ ਦੇ ਕਿਨਾਰੇ ਆਏ ਰੀਤੀ ਰਿਵਾਜ਼ਾਂ ਨੂੰ ਆਪਣੇ ਲੇਖਾਂ ਦੇ ਵਿਸ਼ਿਆਂ ਵਿੱਚ ਪ੍ਰੋ ਕੇ ਲੋਕ ਗੀਤਾਂ ਵਾਂਗੂੰ ਅਮਰ ਬਣਾਉਂਦਿਆਂ ਕਿੰਨੇ ਹੀ ਪਾਠਕਾਂ ਦੇ ਮਨਾਂ ਵਿੱਚ ਖੁਦ ਲਈ ਵਿਸ਼ੇਸ਼ ਆਦਰ ਸਤਿਕਾਰ ਪੈਦਾ ਕੀਤਾ ਹੈ। ਇਸੇ ਸਤਿਕਾਰ ਸਦਕਾ ਇਹ ਨਿਮਾਣੀ ਜਿਹੀ ਸਨਿਮਰ ਭੇਂਟ 'ਹਰਫਾਂ ਦੀ ਜੋਤ' ਉਹਨਾਂ ਨੂੰ ਸਮਰਪਿਤ ਕਰਦਿਆਂ ਜਿਥੇ ਮੈਨੂੰ ਬੇਹੱਦ ਖੁਸ਼ੀ ਮਹਿਸੂਸ ਹੋ ਰਹੀ ਹੈ ਉਥੇ ਹੀ ਮੈਂ ਪ੍ਰਮਾਤਮਾ ਅੱਗੇ ਅਰਜੋਈ ਕਰਦੀ ਹਾਂ ਕਿ ਉਹ ਹਮੇਸ਼ਾਂ ਆਪਣੀ ਸੁਚੱਜੀ ਕਲਮ ਨਾਲ ਆਪਣੇ ਪਾਠਕਾਂ ਦੇ ਮਨਾਂ ਨੂੰ ਰੁਸ਼ਨਾਉਂਦਿਆਂ ਦਿਨ ਦੁਗਣੀ ਦੇ ਰਾਤ ਚੌਗਣੀ ਤਰੱਕੀ ਕਰਦੇ ਰਹਿਣ।

ਆਮੀਨ
ਮਨਪ੍ਰੀਤ ਸੁਖਵਿੰਦਰ

# ਤਤਕਰਾ


| | | |
|---|---|---|
| * | ਗ਼ਜ਼ਲਾਂ | 15-44 |
| * | ਨਜ਼ਮਾਂ | 45-54 |
| * | ਰੱਖੜੀ (ਗੀਤ) | 55 |
| * | ਪਿੰਡ | 56 |
| * | ਬਚਪਨ | 58 |
| * | ਮਾਂ | 59 |
| * | ਔਰਤ | 61 |
| * | ਮਤਰੇਈ ਮਾਂ | 62 |
| * | ਬਚਪਨ ਵੱਡਾ ਹੋਣ ਤੋਂ ਡਰਦੈ | 63 |
| * | ਅੰਨਦਾਤਾ | 64 |
| * | ਜੰਮਣ ਭੋਇੰ | 65 |
| * | ਸਰਵਣ | 66 |
| * | ਹੋਰ ਬਹੁਤ ਨੇ ਪਿਆਰ | 67 |
| * | ਬੋਹੜ ਦੀਆਂ ਛਾਵਾਂ ਜਿੱਥੇ | 68 |
| * | ਸੱਚੀਂ ਕਹਾਂ ਮੈਂ ਕਵੀ ਨਹੀਂ ਸੀ ਹੋਣਾ | 69 |
| * | ਨਾਨੀ | 70 |
| * | ਵੀਰ | 71 |
| * | ਹਿਜ਼ਰ | 72 |

# ਇਸਤਰੀ ਮਰਿਆਦਾ ਦੀ ਲੋਅ 'ਹਰਫਾਂ ਦੀ ਜੋਤ'

ਮਨਪ੍ਰੀਤ ਸੁਖਵਿੰਦਰ ਕਿਸੇ ਧਰਮ ਸਥਾਨ ਵਿਚ ਜਗ ਰਹੀ ਜੋਤ ਵਰਗੀ ਕਵਿੱਤਰੀ ਹੈ। ਉਸ ਦੇ ਸ਼ਿਅਰਾਂ ਅਤੇ ਗੀਤਾਂ ਵਿੱਚੋਂ ਲੋਅ ਵਿਚ ਘੁਲੀ ਮਹਿਕ ਜਿਹੀ ਆਉਂਦੀ ਹੈ। ਇਉਂ ਲਗਦਾ ਹੈ ਜਿਵੇਂ ਕੋਈ ਘੁੱਗੀ ਗੀਤ ਰਚ ਰਹੀ ਹੋਵੇ। ਮਨਪ੍ਰੀਤ ਭਾਰਤੀ ਨਾਰੀ ਦਾ ਸਰੂਪ ਹੋ ਕੇ ਉੱਘੜਦੀ ਹੈ ਜਿਸ ਦੀ ਅੰਤਰੀਵਤਾ ਅਤੇ ਜਿਸਮ ਇਕ ਹੀ ਮਿੱਟੀ ਦੇ ਬਣੇ ਹੁੰਦੇ ਹਨ। ਉਹ ਵਰਜਿਤ ਸੁਪਨੇ ਨਹੀਂ ਲੈਂਦੀ। ਉਹ ਨੈਤਿਕਤਾ ਨੂੰ ਘਰ-ਸਮਾਜ ਦੀ ਰੀੜ੍ਹ ਦੀ ਹੱਡੀ ਮੰਨਦੀ ਹੈ। ਮਨਪ੍ਰੀਤ ਆਪਣੇ ਹਰ ਸ਼ਿਅਰ, ਹਰ ਗੀਤ ਅਤੇ ਹਰ ਨਜ਼ਮ ਦੇ ਨਾਲ-ਨਾਲ ਹਾਜ਼ਰ ਰਹਿੰਦੀ ਹੈ। ਉਸਨੂੰ ਗੈਰਹਾਜ਼ਰ ਰਹਿਣ ਦੀ ਜ਼ਰੂਰਤ ਹੀ ਨਹੀਂ ਪੈਂਦੀ ਕਿਉਂਕਿ ਉਹ ਭਾਰਤੀ ਨਾਰੀਤਵ ਦਾ ਨਿਰੰਤਰ ਝਰਦਾ ਝਰਨਾ ਹੈ। ਉਸਦੇ ਆਪਣੇ ਅਨੁਭਵ ਹੀ ਓਸਦੇ ਬੋਲ ਹਨ। ਏਸੇ ਲਈ ਉਸ ਦੀ ਕਵਿਤਾ ਵਿਚ ਹਮੇਸ਼ਾ ਅਪਣੱਤ ਬਣੀ ਰਹਿੰਦੀ ਹੈ। ਉਹ ਕੌੜੇ ਤੋਂ ਕੌੜੇ ਅਨੁਭਵਾਂ ਨੂੰ ਵੀ ਸ਼ਹਿਦ ਵਿਚ ਭਿਜੇ ਸ਼ਬਦਾਂ ਵਿਚ ਪੇਸ਼ ਕਰ ਜਾਂਦੀ ਹੈ। ਨਿਹੋਰੇ ਨੂੰ ਨੀਤੀ ਵਿਚ ਢਾਲ ਕੇ ਪੇਸ਼ ਕਰਨ ਦੀ ਏਸ ਕਵਿੱਤਰੀ ਨੂੰ ਡਾਢੀ ਜਾਚ ਹੈ। ਉਹ ਸਾਰੇ ਬ੍ਰਹਿਮੰਡ ਦੇ ਮਸਲਿਆਂ ਨੂੰ ਆਪਣੀ ਕਵਿਤਾ ਦੇ ਵਿਸ਼ੇ ਨਹੀਂ ਬਣਾਉਂਦੀ ਸਗੋਂ ਉਹ ਘਰ, ਪਰਿਵਾਰ, ਪਤੀ ਅਤੇ ਬਾਕੀ ਨਜ਼ਦੀਕੀ ਰਿਸ਼ਤਿਆਂ ਨਾਲ ਪਿਆਰ, ਸਤਿਕਾਰ ਅਤੇ ਨਾਰੀ ਫ਼ਰਜ਼ਾਂ ਪ੍ਰਤੀ ਸੰਵਾਦ ਰਚਾਉਂਦੀ ਹੈ। ਉਸ ਨੂੰ ਪਤਾ ਹੈ ਕਿ ਨਾਰੀ ਦੀ ਹੋਂਦ ਮੁਰਗਾਬੀ ਜਿਹੀ ਹੈ ਪਰ ਮਰਦ ਦਾ ਨਜ਼ਰੀਆ ਬਾਜ਼ ਜਿਹਾ ਹੁੰਦਾ ਹੈ। ਬਾਜ਼ ਆਲ੍ਹਣਾ ਨਹੀਂ ਬਣਾਉਂਦੇ ਅਤੇ 'ਮੁਰਗਾਬੀਆਂ' ਨੂੰ ਬੱਚੇ ਪਾਲਣ ਦਾ ਕੁਦਰਤੀ ਤੇ ਅਤਿ ਜ਼ਰੂਰੀ ਸਮਾਜਿਕ ਅਮਲ ਦਾ ਧੁਰੋਂ ਹੁਨਰ ਹੁੰਦਾ ਹੈ। ਬਾਜ਼ ਸਭ ਤੋਂ ਉੱਚੇ ਪਰਬਤਾਂ ਨੂੰ ਸਰ ਕਰਨ ਬਾਰੇ ਸੁਪਨੇ ਲੈਂਦੇ ਹਨ ਪਰ ਮੁਰਗਾਬੀ ਧਰਤੀ ਨਾਲ ਲੱਗੇ ਨੀਲੇ ਪਾਣੀਆਂ ਦੀ ਸੁੱਖ ਮੰਗਦੀ ਹੈ।

ਮਨਪ੍ਰੀਤ ਸੁਖਵਿੰਦਰ ਦਾ ਇਹ ਦੂਜਾ ਕਾਵਿ ਸੰਗ੍ਰਹਿ ਹੈ। ਉਸਦੇ ਪਹਿਲੇ ਕਾਵਿ-ਸੰਗ੍ਰਹਿ 'ਉਹ ਮੌਸਮ ਮੁੜ ਆਵੇਗਾ' ਨਾਲ ਹੀ ਉਸਦੀ ਨਾਰੀ ਕਾਵਿ ਖੇਤਰ ਵਿਚ ਪ੍ਰਤਿਭਾਵਾਨ ਕਵਿਤਰੀਆਂ ਵਿਚ ਪਛਾਣ ਗੂੜ੍ਹੀ ਹੋ ਗਈ ਸੀ।

ਕਈ ਵੇਰ ਮੈਨੂੰ ਮਨਪ੍ਰੀਤ ਸੁਖਵਿੰਦਰ ਦਾ ਨਾਮ ਬੜਾ ਅਜਬ ਜਿਹਾ ਲਗਦਾ ਰਿਹਾ। ਮੈਨੂੰ ਜਦ ਇਸਦੀ ਪਹਿਲੀ ਪੁਸਤਕ ਪੰਜਾਬੀ ਟ੍ਰਿਬਿਊਨ ਨੇ ਰੀਵਿਊ ਲਈ ਭੇਜੀ ਤਾਂ ਪਹਿਲੀ ਨਜ਼ਰੇ ਲੱਗਾ ਕਿ ਇਹ ਕੋਈ ਨਵਾਂ ਸ਼ਾਇਰ ਹੋਵੇਗਾ। ਪਰ ਫੇਰ ਉਤਸੁਕਤਾ ਜਾਗੀ ਤਾਂ ਪਤਾ ਲੱਗਾ ਕਿ ਇਹ ਨਾਮ ਸੁਖਵਿੰਦਰ ਅੰਮ੍ਰਿਤ ਅਤੇ ਅੰਮ੍ਰਿਤਾ ਪ੍ਰੀਤਮ ਵਰਗਾ ਹੈ। ਕਵਿੱਤਰੀ ਹੋ ਕੇ ਵੀ ਸੁਹਿਰਦ ਨਾਰੀ ਆਪਣੇ ਪਤੀ ਨੂੰ ਨਾਲ-ਨਾਲ ਰੱਖਦੀ ਹੈ ਅਤੇ ਆਪਣੀਆਂ ਕਾਵਿਕ ਪ੍ਰਾਪਤੀਆਂ ਨੂੰ ਵੀ ਆਪਣੇ ਪਤੀ ਬਿਨਾ ਮਾਨਣਾ ਅਧਰਮ ਸਮਝਦੀ ਹੈ।

ਉਸਦੀਆਂ ਨਜ਼ਮਾਂ ਵਿਚ ਖੇਤੀ ਦੀ ਰੂਹ ਪ੍ਰਵਰਤਤ ਹੋ ਰਹੀ ਜਾਪਦੀ ਹੈ। ਉਸਨੇ ਖੇਤੀ ਦੇ ਕਿੱਤੇ ਨਾਲ ਜੁੜੀਆਂ ਮੁਸ਼ਕਿਲਾਂ ਨੂੰ ਵੀ ਬਿਆਨ ਕੀਤਾ ਹੈ। ਖੇਤੀ ਨਾਲ ਜੁੜੇ ਪੰਜਾਬੀਆਂ ਦੇ ਮਨੋਭਾਵਾਂ ਅਤੇ ਕੁਰਾਹਿਆਂ ਨੂੰ ਵੀ ਉਸਨੇ ਕਾਵਿ ਜ਼ੁਬਾਨ ਦਿੱਤੀ ਹੈ।

ਢੱਗਿਆਂ ਦੀ ਕੌਣ ਸੁਣੇ ਕੰਡਿਆਂ ਨਾਲ ਭਰੀ ਕਹਾਣੀ।
ਅਨੰਦਾਤਾ ਦੀ ਹਾਲੇ ਤੱਕ ਨਾ ਕਦਰ ਕਿਸੇ ਨੇ ਜਾਣੀ।
ਖੇਤਾਂ ਵਿੱਚ ਲੰਘਦੀਆਂ ਨੇ ਠੰਢੀਆਂ ਰਾਤਾਂ ਨੰਗੇ ਪੈਰੀਂ,
ਸਿਰ ਉਤੋਂ ਵਗਦੀਆਂ ਨੇ ਤੱਤੀਆਂ ਲੂਆਂ ਸਿਖਰ ਦੁਪਹਿਰੀਂ,
ਫਸਲਾਂ ਨੂੰ ਪਾਲਦਾ ਏ ਕਰਕੇ ਖ਼ੂਨ ਜਿਗਰ ਦਾ ਪਾਣੀ
ਢੱਗਿਆਂ ਦੀ ਕੌਣ ਸੁਣੇ ......।

ਖੇਤੀ ਦਾ ਕੰਮ ਰਿਹਾ ਬਣਕੇ ਬਸ ਕੇਵਲ ਮਜਬੂਰੀ।
ਮਹਿੰਗਾਈ ਮਾਰ ਰਹੀ ਮੁੱਢਲੀ ਲੋੜ ਨਾ ਹੋਵੇ ਪੂਰੀ।
ਹੱਥਾਂ ਦੇ ਕਿਰਤੀ ਨੂੰ ਵੀ ਮੁਸ਼ਕਿਲ ਹੋ ਗਈ ਰੋਟੀ ਖਾਣੀ
ਢੱਗਿਆਂ ਦੀ ਕੌਣ ਸੁਣੇ......।

ਮੈਨੂੰ ਜੰਮਣ ਭੋਇੰ ਕਹਿੰਦੇ, ਕੁਝ ਕਹਿੰਦੇ ਧਰਤੀ ਮਾਂ।
ਕੈਸਾ ਕਲਯੁਗ ਆਇਆ ਹੁਣ ਮੈਂ ਵਿਕਦੀ ਥਾਂ-ਕੁਥਾਂ।
ਵਾਹੁੰਦੇ ਸੀ ਜੋ ਮੈਨੂੰ ਹੱਥੀਂ ਗੁੱਡਦੇ ਸੀ ਹਰ ਕਿਆਰਾ।
ਫਸਲਾਂ ਜਦ ਝੂਮਦੀਆਂ ਲਗਦਾ ਰੂਪ ਸੀ ਬੜਾ ਪਿਆਰਾ।
ਉਹਨਾਂ ਨੂੰ ਵੀ ਪਿਆਰੇ ਦੰਮੜੇ ਹੋ ਗਏ ਨੇ ਹੁਣ ਤਾਂ,
ਮੈਨੂੰ ਜੰਮਣ ਭੋਇੰ ਕਹਿੰਦੇ .......।

ਕੁਝ ਐਸ਼ਪ੍ਰਸਤੀ ਲਈ ਵੀ ਮੇਰਾ ਮੁੱਲ ਵਟਾਉਂਦੇ ਨੇ।
ਕੁਝ ਕੰਪਨੀਆਂ ਵਾਲੇ ਵੀ ਉੱਤੋਂ ਰਾਹ ਭਟਕਾਉਂਦੇ ਨੇ।
ਸੰਦ ਵੇਚ ਕੇ ਖੇਤੀ ਦੇ ਕਾਰਾਂ ਲਈ ਕਰਦੇ ਥਾਂ,
ਮੈਨੂੰ ਜੰਮਣ ਭੋਇੰ ਕਹਿੰਦੇ ........।

ਪੰਜਾਬੀ ਸਭਿਆਚਾਰ ਕਿਸਾਨੀ ਨਾਲ ਜੁੜੇ ਘਰਾਂ ਵਿਚ ਸ਼ੁਧ ਰੂਪ ਵਿਚ ਮਿਲਦਾ ਹੈ। ਇਹਨਾਂ ਘਰਾਂ ਵਿਚ ਪ੍ਰੰਪਰਾਗਤ ਰਹਿਤਲ ਦੇ ਦਰਸ਼ਨ ਹੁੰਦੇ ਹਨ। ਮਨਪ੍ਰੀਤ ਦੇ ਕਾਵਿ ਵਿਚ ਵੀ ਪੰਜਾਬੀ ਸਭਿਆਚਾਰ ਦੇ ਸੁਥਰੇ ਪੱਖਾਂ ਨੂੰ ਬਚਾਉਣ ਅਤੇ ਅੱਗੇ ਵਧਾਉਣ ਦਾ ਆਹਵਾਹਨ ਹੈ।

ਮਨਪ੍ਰੀਤ ਇਕ ਸਜੱਗ ਕਵਿਤਰੀ ਹੈ। ਅੱਜ ਕਲ੍ਹ ਸਰਮਾਏਦਾਰਾਂ ਵਲੋਂ ਕਿਸਾਨਾਂ ਨੂੰ ਲਾਲਚ ਦੇ ਕੇ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ। ਜ਼ਮੀਨ ਜਿਹੜੀ ਮਾਂ ਭੂਮੀ ਤੇ ਮਾਂ ਦਾ ਰੂਪ ਹੁੰਦੀ ਸੀ ਅੱਜ ਸ਼ਰਾਬਾਂ ਦੀਆਂ ਫੈਕਟਰੀਆਂ ਲਈ ਵਿਕ ਰਹੀ ਹੈ। ਉਹ ਇਸ ਵਿਕਰੀ ਨੂੰ ਥਾਂ ਕੁਥਾਂ ਦਾ ਦਰਜਾ ਦੇਂਦੀ ਹੈ।

ਮੈਨੂੰ ਜੰਮਣ ਭੋਏਂ ਕਹਿੰਦੇ ਕੁਝ ਕਹਿੰਦੇ ਧਰਤੀ ਮਾਂ
ਕੈਸਾ ਕਲਯੁਗ ਆਇਆ ਹੁਣ ਮੈਂ ਵਿਕਦੀ ਥਾਂ ਕੁਥਾਂ
ਵਹੁੰਦੇ ਸੀ ਜੋ ਮੈਨੂੰ ਹੱਥੀਂ ਗੁਡਦੇ ਸੀ ਹਰ ਕਿਆਰਾ
ਫਸਲਾਂ ਜਦ ਝੂਮਦੀਆਂ ਲਗਦਾ ਰੂਪ ਸੀ ਬੜਾ ਪਿਆਰਾ
ਉਹਨਾਂ ਨੂੰ ਵੀ ਪਿਆਰੇ ਦੇਮੜੇ ਹੋ ਗਏ ਨੇ ਹੁਣ ਤਾਂ

ਪੁਸਤਕ ਵਿਚ ਸਮਾਜਿਕ ਬੁਰਾਈਆਂ ਦਾ ਬੜਾ ਮਾਰਮਿਕ ਕਾਵਿ ਚਿਤ੍ਰਣ ਹੈ। ਨਸ਼ਿਆਂ, ਭਰੂਣ ਹੱਤਿਆ, ਰਿਸ਼ਤਿਆਂ ਦਾ ਗਰਜਾਂ ਵਿਚ ਗਰਕਣਾਂ, ਵੱਢੀ ਖੋਰੀ ਅਤੇ ਰਾਜਨੀਤਕ ਉਲਾਰਵਾਦ ਨੂੰ ਵੀ ਨਿਖੇਧ ਵਿਚ ਲਿਆ ਗਿਆ ਹੈ।

ਸੋਨੇ ਚਾਂਦੀ ਦੀ ਰੱਖੜੀ ਤਾਂ ਲਗਦੀ ਨਿਰਾ ਵਪਾਰ
ਧਾਗਿਆਂ ਦੇ ਵਿਚ ਗੁੰਦਿਆ ਹੁਣ ਨਾ ਲਭਦਾ ਕਿਤੇ ਪਿਆਰ
ਜਾਇਦਾਦਾਂ ਲਈ ਟੁੱਟ ਜਾਂਦੀ ਅੱਜ
ਇਸ ਰਿਸ਼ਤੇ ਦੀ ਡੋਰੀ
ਕਿਧਰੇ ਵੀਰੇ ਅੱਖੀਆਂ ਫੇਰਨ ਕਿਧਰੇ ਭੈਣ ਹੈ ਕੋਰੀ
ਇਕ ਲਹੂ ਦੀ ਸਾਂਝ ਵਾਲਾ ਕਿਉਂ ਵਿੱਸਰ ਗਿਆ ਸੰਸਾਰ ?

ਮਨਪ੍ਰੀਤ ਸਰਵਣ ਪੁੱਤਾਂ ਦੀ ਕਾਮਨਾ ਕਰਦੀ ਹੈ ਕਿਉਂਕਿ ਪੱਛਮੀ ਕਲਚਰ ਨੇ ਪੰਜਾਬ ਵਿਚ ਵੀ ਪੈਰ ਪਸਾਰ ਲਏ ਹਨ ਅਤੇ ਬੱਚੇ ਆਪਣੇ ਮਾਪਿਆਂ ਤੋਂ ਬੇਮੁਖ ਹੁੰਦੇ ਜਾਂਦੇ ਹਨ। ਪੰਜਾਬ ਵਿਚ ਵੀ ਬਜ਼ੁਰਗਾਂ ਨੂੰ ਬਿਰਧ ਘਰਾਂ ਵਿਚ ਜਮ੍ਹਾਂ ਕਰਵਾਉਣ ਦੀ ਨੌਬਤ ਆ ਗਈ ਹੈ ਏਸੇ ਲਈ ਉਹ ਕਹਿੰਦੀ ਹੈ:

ਮੁੜ ਆਈਂ ਸਰਵਣਾ ਵੇ, ਵੇ ਤੇਰੀ ਜਗ ਤੇ ਲੋੜ ਬੜੀ
ਰੁਲਦੇ ਹੋਏ ਮਾਪਿਆ ਨੂੰ, ਵੇ ਤੇਰੀ ਰੜਕੇ ਥੋੜ ਬੜੀ
ਹੋਵੇ ਕੋਠੀ ਕਾਰ ਨਵੀਂ, ਹੋਵੇ ਪੂਰੀ ਐਸ਼ ਬਈ
ਮਾਪੇ ਹੋਵਣ ਏ.ਟੀ.ਐਮ, ਜਿੱਥੋਂ ਨਿਕਲੇ ਕੈਸ਼ ਬਈ...
ਵਿਹਲੇ ਬਹਿਕੇ ਖਾਂਦੇ ਨੇ ਨਸ਼ਿਆਂ ਦੀ ਲੋਰ ਚੜ੍ਹੀ....

ਪਰ ਕਵਿੱਤਰੀ ਉਦੋਂ ਵੀ ਦੁਖੀ ਹੁੰਦੀ ਹੈ ਜਦੋਂ ਮਾਪੇ-ਬੁਜ਼ਰਗ ਅਗਲੀ ਪੌਧ ਨੂੰ ਨਫਰਤ ਦੇ ਪਾਣੀ ਨਾਲ ਸਿੰਜਦੇ ਨੇ। ਮਨਪ੍ਰੀਤ ਚਾਹੁੰਦੀ ਹੈ ਕਿ ਬਜ਼ੁਰਗ ਪੀੜ੍ਹੀ ਅਗਲੀ ਪੀੜ੍ਹੀ ਨੂੰ ਪਿਆਰ ਮੁਹੱਬਤ ਦਾ ਆਦਰਸ਼ ਪੇਸ਼ ਕਰੇ:

ਵੱਡਿਆਂ ਦੇ ਵਿਚ ਦੇਖ ਕੇ ਨਫ਼ਰਤ
ਬਚਪਨ ਵੱਡਾ ਹੋਣ ਤੋਂ ਡਰਦੈ
ਰੁਸਵਾਈਆਂ ਦੀ ਭੀੜ 'ਚ ਕਿਧਰੇ
ਮੋਹ ਉਹਨਾਂ ਦਾ ਖੋਣ ਤੋਂ ਡਰਦੈ

ਉਸਦੇ ਗੀਤ ਬੜੇ ਮਨਮੋਹਕ ਹਨ। ਮਾਂ ਦਾ ਵਿਹੜਾ ਉਸ ਲਈ ਸਵਰਗ ਜਿਹਾ ਹੈ। ਉਸਨੂੰ ਆਪਣੇ ਪਿੰਡ ਦੀਆਂ ਯਾਦਾਂ ਗੀਤਾਂ ਦੇ ਮੁੱਖੜੇ ਪ੍ਰਦਾਨ ਕਰਦੀਆਂ ਹਨ। ਵਿੱਛੜ ਗਈਆਂ ਸਹੇਲੀਆਂ ਉਸ ਦੇ ਮਨ ਨੂੰ ਸਲਦੀਆਂ ਨੇ। ਪਰ ਇਹ ਪੁਰਾਣੇ ਪਿੰਡ ਹੁਣ ਜਿਵੇਂ ਗੁੰਮ ਹੁੰਦੇ ਜਾਂਦੇ ਹਨ:

ਬੋਹੜਾਂ ਦੀਆਂ ਛਾਵਾਂ ਜਿੱਥੇ
ਠੰਡੀਆਂ ਹਵਾਵਾਂ ਜਿੱਥੇ

ਹੁੰਦੀਆਂ ਦੁਆਵਾਂ ਸਭ ਲਈ ਇਕਸਾਰ ਸੀ
ਕਿੱਥੇ ਗਿਆ ਪਿੰਡ ਮੇਰਾ ਜਿੱਥੇ ਕਦੀ ਪਿਆਰ ਸੀ ...

ਮਨਪ੍ਰੀਤ ਜਦ ਆਪਣੀ ਜਾਤੀ ਦੀ ਵਕਾਲਤ ਕਰਦੀ ਹੈ ਤਾਂ ਜਚਦੀ ਹੈ:

ਔਰਤ ਹੁੰਦੀ ਅੰਮ੍ਰਿਤ ਵਰਗੀ ਘਰ ਨੂੰ ਸਵਰਗ ਬਣਾ ਦੇਵੇ
ਦਾਰੂ ਹੁੰਦੀ ਵਿਸ਼ ਦਾ ਪਿਆਲਾ ਨਰਕਾਂ ਦੇ ਰਾਹ ਪਾ ਦੇਵੇ
ਨਾਰੀ ਹੁੰਦੀ ਮਾਂ ਤੇ ਮਾਂ ਕਦ ਰਾਹ ਭਟਕਾਉਂਦੀ ਏ ?
ਉਹ ਤਾਂ ਆਪਣੇ ਪੁੱਤਰਾਂ ਦੀ ਸਦਾ ਖੈਰ ਮਨਾਉਂਦੀ ਏ
ਖੁਸ਼ੀਆਂ 'ਤੇ ਜੋ ਚਲਦਾ ਇਸ ਹਥਿਆਰ ਨੂੰ ਰੋਕੋ
ਔਰਤ ਦੇ ਨਾਲ ਨਸ਼ਿਆਂ ਦੇ ਪ੍ਰਚਾਰ ਨੂੰ ਰੋਕੋ

ਐਸੇ ਹੀ ਕਈ ਗੀਤਾਂ ਵਿਚ ਉਹ ਸ਼ਰਾਬ ਅਤੇ ਹੋਰ ਨਸ਼ਿਆਂ ਦਾ ਬੜੇ ਸੰਜੀਦਾ ਸ਼ਬਦਾਂ ਵਿਚ ਵਿਰੋਧ ਕਰਦੀ ਹੈ। ਇਵੇਂ ਲਗਦਾ ਹੈ ਜਿਵੇਂ ਉਹ ਵੱਡੀ ਭੈਣ ਹੋ ਕੇ ਨਿੱਕੇ ਪੰਜਾਬੀ ਵੀਰਾਂ ਨੂੰ ਨਸ਼ਿਆਂ ਤੋਂ ਵਰਜ ਰਹੀ ਹੋਵੇ।

ਅੱਜ ਪੰਜਾਬੀ ਸਮਾਜ ਵਿਚ ਬੇਟੀ ਦੀ ਭਰੂਣ ਹੱਤਿਆ ਦਾ ਮਸਲਾ ਲਗਾਤਾਰ ਗੰਭੀਰ ਹੁੰਦਾ ਜਾ ਰਿਹਾ ਹੈ। ਬਾਬੇ ਨਾਨਕ ਦੇ ਵਰੋਸਾਏ ਪੰਜਾਬ ਵਿਚ ਮੁੰਡਿਆਂ ਦੀ ਨਿਸਬਤ ਕੁੜੀਆਂ ਲਗਾਤਾਰ ਘਟਦੀਆਂ ਜਾਂ ਰਹੀਆਂ ਹਨ। ਮਨਪ੍ਰੀਤ ਦੇ ਕਈ ਸ਼ਿਅਰ ਤੇ ਗੀਤ ਧੀਆਂ ਦਾ ਜੱਸ ਗਾਉਂਦੇ ਹਨ ਕਿਉਂਕਿ ਜੇਕਰ ਧੀਆਂ ਹੀ ਨਾ ਰਹੀਆਂ ਤਾਂ ਪੁੱਤਰਾਂ ਦੇ ਵਰਦਾਨ ਪੂਰੇ ਕਿੰਝ ਹੋਣਗੇ,

ਜਿਹੜੇ ਘਰ ਵਿਚ ਪਹਿਲੀ ਲਕਸ਼ਮੀ ਕਰਦੀ ਏ ਪ੍ਰਵੇਸ਼
ਭਾਗਾਂ ਭਰਿਆ ਹੋਵੇ ਕਿਹੜੀ ਗੱਲ ਤੋਂ ਪਵੇ ਕਲੇਸ਼ ?

ਪੁਸਤਕ ਵਿਚ ਇਕ ਗੀਤ ਮੈਨੂੰ ਬਹੁਤ ਪਸੰਦ ਆਇਆ। ਬਾਲ ਮਜ਼ਦੂਰੀ ਦਾ ਸੰਤਾਪ ਭੋਗਦੇ ਬੱਚਿਆਂ ਬਾਰੇ ਲਿਖਿਆ ਇਹ ਗੀਤ ਬੜੇ ਮਾਸੂਮ ਸ਼ਬਦਾਂ ਵਿਚ ਸਿਰਜਿਆ ਗਿਆ ਹੈ,

ਜੀਅ ਕਰਦੈ ਮੈਂ ਬਚਪਨ ਵਿਚ ਲੈ ਜਾਵਾਂ ਬੱਚਿਆਂ ਨੂੰ
ਕੰਮ ਦੇ ਭਾਰੇ ਬੋਝ ਤੋਂ ਮੁਕਤ ਕਰਾਵਾਂ ਬੱਚਿਆਂ ਨੂੰ
ਬੇਫਿਕਰੀ ਨਾਲ ਬਚਪਨ ਜਿੱਥੇ ਸੌਂਦਾ ਹੋਵੇ ਜੀ
ਸਿਰ ਤੇ ਬੋਝਾ ਇੱਟਾਂ ਦਾ ਨਾ ਢੋਂਦਾ ਹੋਵੇ ਜੀ
ਫੁੱਲਾਂ ਤੇ ਪਰੀਆਂ ਦੀ ਬਾਤ ਸੁਣਾਵਾਂ ਬੱਚਿਆਂ ਨੂੰ
ਜੀਅ ਕਰਦੈ ਮੈਂ ਬਚਪਨ ਵਿਚ ਲੈ ਜਾਵਾਂ ਬੱਚਿਆਂ ਨੂੰ

ਮਨਪ੍ਰੀਤ ਸੁਖਵਿੰਦਰ ਦਾ ਕਾਵਿ ਜਗਤ ਪੰਜਾਬੀ ਸਭਿਆਚਾਰ ਦਾ ਅਨਿਖੜਵਾਂ ਅੰਗ ਹੈ। ਉਹ ਸਮਾਜ ਵਿਚ ਕੇਵਲ ਜੀਂਦੀ ਨਹੀਂ ਸਗੋਂ ਥੀਂਦੀ ਵੀ ਹੈ। ਉਹ ਪਿਆਰ ਦਾ ਪੁਤਲਾ ਹੈ ਅਤੇ ਆਪਣੇ ਨੇੜਲੇ ਰਿਸ਼ਤਿਆਂ 'ਚੋਂ ਬਣਦਾ ਪਿਆਰ ਲੋਚਦੀ ਵੀ ਹੈ। ਉਹ ਪਿਆਰ ਸ਼ਬਦ ਨੂੰ ਸੀਮਤ ਨਹੀਂ ਕਰਦੀ ਸਗੋਂ ਪਿਆਰ ਦੇ ਵਿਸਤ੍ਰਿਤ ਅਰਥ ਗ੍ਰਹਿਣ ਕਰਦੀ ਹੈ। ਪਿਆਰ

ਸ਼ਬਦ ਨੂੰ ਜਿਵੇਂ ਅੱਜ ਕੱਲ੍ਹ ਦੇ ਅਨੈਤਕੀ ਗੀਤਕਾਰਾਂ ਨੇ ਕੇਵਲ ਸੈਕਸ ਦਾ ਪ੍ਰਾਇਵਾਚੀ ਬਣਾ ਦਿੱਤਾ ਹੈ ਮਨਪ੍ਰੀਤ ਐਸਾ ਨਹੀਂ ਸੋਚਦੀ। ਉਹ ਵੀਰ ਭੈਣ ਦਾ ਪਿਆਰ, ਮਾਂ ਪਿਉ ਵੱਲੋਂ ਧੀ ਨੂੰ ਪਿਆਰ, ਬੱਚੇ ਵੱਲੋਂ ਮਾਂ-ਬਾਪ ਨੂੰ ਪਿਆਰ ਆਦਿ ਪਿਆਰਾਂ ਨੂੰ ਵੱਖੋ-ਵੱਖ ਰੱਖਦੀ ਹੈ।

ਉਦਾਹਰਣ

1) ਆਸ਼ਿਕ ਅਤੇ ਮਾਸ਼ੂਕ ਬਿਨਾਂ ਵੀ ਹੋਰ ਬਹੁਤ ਨੇ ਪਿਆਰ।
ਗੀਤਾਂ ਦੇ ਵਿੱਚ ਆਉ ਕਰੀਏ ਉਨ੍ਹਾਂ ਦਾ ਇਜ਼ਹਾਰ।

ਭਗਤ ਸਿੰਘ ਸੁਖਦੇਵ ਰਾਜਗੁਰੂ ਦੇਸ਼ ਦੇ ਆਸ਼ਿਕ ਸੱਚੇ।
ਭਰੀ ਜਵਾਨੀ ਹੱਸਦੇ-ਹੱਸਦੇ ਮੌਤੇ ਦੇ ਵਿਹੜੇ ਲੱਥੇ।
ਦੇਸ਼ ਪ੍ਰੇਮ ਲਈ ਹੱਸਕੇ ਚੁੰਮੇ ਫੰਦਿਆਂ ਦੇ ਸੀ ਹਾਰ।
ਗੀਤਾਂ ਦੇ ਵਿੱਚ ਆਉ ਕਰੀਏ ਉਨ੍ਹਾਂ ਦਾ ਇਜ਼ਹਾਰ।

2) ਲਛਮਣ ਜੀ ਤੇ ਭਰਤ ਜਿਹੇ ਹੁਣ ਕਿਉਂ ਨਾ ਲੱਭਦੇ ਭਾਈ,
ਰਾਮ ਚੰਦਰ ਜੀ ਦੀ ਮਰਿਯਾਦਾ ਕਿਉਂ ਅਸੀਂ ਦਿਲੋਂ ਭੁਲਾਈ,
ਮਨਾਂ 'ਚ ਵੱਸਦਾ ਰਾਵਣ ਜਿਹੜਾ ਉਸਨੂੰ ਦਈਏ ਮਾਰ,
ਗੀਤਾਂ ਦੇ ਵਿੱਚ ਆਉ ਕਰੀਏ ਉਨ੍ਹਾਂ ਦਾ ਇਜ਼ਹਾਰ।

ਖੁਸ਼ੀ ਦੀ ਗੱਲ ਇਹ ਹੈ ਕਿ ਮਨਪ੍ਰੀਤ ਨੇ ਆਪਣੇ ਪਹਿਲੇ ਕਾਵਿ ਸੰਗ੍ਰਹਿ ਤੋਂ ਹਟ ਕੇ ਇਸ ਵੇਰ ਗ਼ਜ਼ਲਾਂ (30) ਵੀ ਲਿਖੀਆਂ ਹਨ। ਇਹਨਾਂ ਗ਼ਜ਼ਲਾਂ ਦੇ ਰੂਪਕ ਪੱਖ ਬਾਰੇ ਏਹੀ ਕਹਿਣਾ ਬਣਦਾ ਹੈ ਕਿ ਅਜੇ ਉਸ ਨੇ ਛੰਦਾਂ ਬਹਿਰਾਂ ਵੱਲ ਹੋਰ ਵੀ ਧਿਆਨ ਦੇਣਾ ਹੈ ਪਰ ਵਿਸ਼ਾ ਪੱਖ ਉਸਦਾ ਤਸੱਲੀਬਖਸ਼ ਤੇ ਮਜ਼ਬੂਤ ਹੈ। ਉਹ ਗ਼ਜ਼ਲ ਦੇ ਹੋਰ ਅੰਗਾਂ ਬਾਰੇ ਕਾਫੀ ਕੁਝ ਜਾਣਦੀ ਹੈ। ਉਸਦੀਆਂ ਗ਼ਜ਼ਲਾਂ ਵਿਚੋਂ ਮੈਂ ਕੁਝ ਸ਼ਿਅਰ ਏਥੇ ਦਾਲ 'ਚੋਂ ਦਾਣਾ ਟੋਹਣ ਵਾਂਗ ਦੇ ਰਿਹਾ ਹਾਂ:

* ਕੋਈ ਗ਼ਮ ਨਾ ਕਾਲੀ ਰਾਤ ਦਾ, ਕਿਧਰੇ ਸਵੇਰਾ ਜ਼ਰੂਰ ਹੈ
ਤੂੰ ਹਿੰਮਤ ਦੇਵੀਂ ਐ ਖੁਦਾ ਹਰ ਕਠਿਨ ਰਾਹ ਮਨਜ਼ੂਰ ਹੈ

ਨੇਰੀ ਵੀ ਪਰਖੇ ਹੌਸਲੇ ਰਹਿੰਦੇ ਨੇ ਝੱਖੜ ਝੂਲਦੇ
ਨਾ ਜੋਤ ਸਚ ਦੀ ਬੁਝ ਸਕੇ ਐਸਾ ਵੀ ਤਾਂ ਦਸਤੂਰ ਹੈ

ਬੰਦੇ ਦਾ ਅਪਣੇ ਇਲਮ ਤੋਂ ਇਤਬਾਰ ਖੋ ਗਿਆ
ਮੁਸ਼ਕਿਲ ਬੜਾ ਮਿਲਣਾ ਜਦੋਂ ਰੁਜ਼ਗਾਰ ਹੋ ਗਿਆ

ਉਮਰਾਂ ਦਾ ਸਰਮਾਇਆ ਵੀ, ਪਲ 'ਚ ਗੁਆਉਣਾ ਪੈ ਜਾਂਦਾ
ਖੁਸ਼ ਹੋ ਕੇ ਥੁੜਾਂ ਦੇ ਨਾਲ ਕਦੇ ਹੈ, ਵਕਤ ਲੰਘਾਉਣਾ ਪੈ ਜਾਂਦਾ

ਸੁਪਨਿਆਂ ਦੇ ਪੁੱਤ ਪੋਤੇ ਕਿਸ ਨੇ ਵੇਖੇ ਨੇ ਹਲ ਵਹੁੰਦੇ
ਗੱਲੀਂ ਬਾਤੀਂ ਮਹਿਲ ਨਾ ਉਸਰਨ ਹੁੰਦੀ ਜਗਤ ਹਸਾਈ

ਐਸਾ ਸੀ ਦਰਦ ਡੂੰਘਾਂ, ਹੱਦੋਂ ਗੁਜ਼ਰ ਗਿਆ ਸੀ
ਫਿਰ ਵੀ ਸੀ ਚੜ੍ਹੀ ਰਹਿੰਦੀ ਸਾਨੂੰ ਤਾਂ ਜਿਵੇਂ ਮਸਤੀ

ਕਿਤੇ ਸਾਜ ਹੈ ਆਵਾਜ਼ ਨਹੀਂ ਆਵਾਜ਼ ਹੈ ਤਾਂ ਸਾਜ਼ ਨਹੀਂ
ਜੀਵਨ ਨੂੰ ਫਿਰ ਵੀ ਗਾ ਰਹੇ ਐਸੇ ਨੇ ਕੁਝ ਫ਼ਨਕਾਰ ਵੀ

ਫੁੱਲਾਂ ਵਰਗੇ ਰਿਸ਼ਤੇ ਕਾਹਤੋਂ ਭਾਰੇ ਹੁੰਦੇ ਜਾਂਦੇ ਨੇ।
ਮਾਖਿਉਂ ਤੋਂ ਵੀ ਮਿੱਠੇ ਸੀ ਜੋ ਖਾਰੇ ਹੁੰਦੇ ਜਾਂਦੇ ਨੇ

ਮਾਪੇ ਤੋਰੇ ਬਿਰਧ ਆਸ਼ਰਮ ਤੇ ਘਰ ਬਣੇ ਮਕਾਨ
ਐਨੀ ਕਿਉਂ ਨਿਰਮੋਹੀ ਹੋ ਗਈ ਅਜ ਕਲ੍ਹ ਦੀ ਸੰਤਾਨ

ਕਵਿੱਤਰੀ ਮਨਪ੍ਰੀਤ ਸੁਖਵਿੰਦਰ ਦਾ ਹਥਲਾ ਕਾਵਿ ਸੰਗ੍ਰਹਿ ਇਕ ਮਨਮੋਹਕ ਕਵਿਤਾਵਾਂ, ਗੀਤਾਂ ਅਤੇ ਨਜ਼ਮਾਂ ਦਾ ਸੰਗ੍ਰਹਿ ਹੈ। ਕਵਿੱਤਰੀ ਨੇ ਔਰਤ ਜਾਤੀ ਦੀ ਆਭਾ ਵਧਾਉਣ ਵਿਚ ਭਰਪੂਰ ਯੋਗਦਾਨ ਪਾਇਆ ਹੈ। ਜੇਕਰ ਔਰਤ ਸਮਾਜਿਕ ਦਾਇਰੇ ਦੇ ਅੰਤਰਗਤ ਆਜ਼ਾਦੀ ਭਾਲਦੀ ਹੈ ਤਾਂ ਉਹ ਸਾਰਥਕ ਹੋ ਸਕਦੀ ਹੈ। ਮਨਪ੍ਰੀਤ ਨੇ ਭਾਵਾਂ ਦੀ ਖੁਸ਼ਬੂ ਭਿੰਨੀ ਕਵਿਤਾ ਵਿਚ ਔਰਤ ਨੂੰ ਸਮਾਜ ਦੇ ਸਮੁੱਚੇ ਰਿਸ਼ਤਿਆਂ ਦਾ ਕੇਂਦਰ ਬਿੰਦੂ ਨਿਸਚਿਤ ਕੀਤਾ ਹੈ ਜਿਸ ਦੇ ਮੋਹ ਦੁਆਲੇ ਸਾਰੇ ਰਿਸ਼ਤੇ ਚੱਕਰ ਕੱਟਦੇ ਹਨ। ਸਮਾਜਿਕ ਤਾਣਾ ਬਾਣਾ ਔਰਤ ਦੀ ਹੋਂਦ ਬਿਨਾਂ ਨਿਰਮੂਲ ਲਗਦਾ ਹੈ। ਔਰਤ ਮਾਂ ਹੈ, ਧੀ ਹੈ, ਭੈਣ ਹੈ, ਪ੍ਰੇਮਿਕਾ ਹੈ ਪਰ ਸਭ ਤੋਂ ਹਕੀਕੀ ਰੂਪ ਵਿਚ ਉਹ ਪਤਨੀ ਹੈ। ਏਹੀ ਸਭਿਆਚਾਰ ਦੀ ਜਨਨੀ ਤੇ ਰਾਖੀ ਹੈ। ਮਨਪ੍ਰੀਤ ਦੇ ਸਮੁੱਚੇ ਕਾਵਿ ਬੋਲ ਮਾਸੂਮਤਾ ਤੇ ਸਹਿਜ ਦੇ ਧਾਰਨੀ ਹਨ। ਉਸਦੀਆਂ ਗ਼ਜ਼ਲਾਂ ਵਿਚਲੇ ਸ਼ਿਅਰ ਸਰਲ ਤੇ ਸਪਸ਼ਟ ਭਾਸ਼ਾ ਵਿਚ ਡੂੰਘੇ ਅਰਥ ਸਿਰਜਣ ਦੇ ਸਮਰਥ ਹਨ। ਉਸਦੇ ਸ਼ਿਅਰ ਦਿਲ ਤੋਂ ਦਿਮਾਗ ਤਕ ਪਹੁੰਚਦੇ ਹਨ।

ਪੁਰ ਅਹਿਸਾਸ ਕਵਿੱਤਰੀ ਮਨਪ੍ਰੀਤ ਸੁਖਵਿੰਦਰ ਦੀ 'ਹਰਫਾਂ ਦੀ ਜੋਤ' ਦੀ ਰੌਸ਼ਨੀ ਨੂੰ ਪੰਜਾਬੀ ਸਭਿਆਚਾਰ ਦੇ ਧੁੰਦਲੇ ਹੋ ਰਹੇ ਪੱਖਾਂ ਨੂੰ ਰੌਸ਼ਨ ਕਰਨ ਲਈ ਇਹ ਦੋ ਸ਼ਬਦ ਲਿਖਦਿਆਂ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ।

**ਸੁੱਲਖਣ ਸਰਹੱਦੀ**
**94174-84337**

## ਗ਼ਜ਼ਲ

ਉਸਨੇ ਰੱਬ ਦੀ ਰਜ਼ਾ 'ਚ ਰਾਜ਼ੀ ਰਹਿਣਾ ਸਿੱਖ ਲਿਆ।
ਜਿਸਨੇ ਅਣਹੋਣੀ ਨੂੰ ਹੋਣੀ ਕਹਿਣਾ ਸਿੱਖ ਲਿਆ।

ਕੀ ਵਿਗਾੜਨ ਕੁਫ਼ਰ ਤੇ ਉਹ ਕਦ ਡਰਦਾ ਪਰਖਾਂ ਤੋਂ,
ਜਿਸਨੇ ਕੇਵਲ ਤੇ ਕੇਵਲ ਸੱਚ ਕਹਿਣਾ ਸਿੱਖ ਲਿਆ।

ਉਸਨੂੰ ਤਨਹਾ ਰਹਿਣੇ ਦਾ ਕਦ ਫ਼ਿਕਰ ਸਤਾਉਂਦਾ ਹੈ,
ਜਿਸਨੇ ਆਪਣੇ ਆਪ ਨਾਲ ਹੋਏ ਬਹਿਣਾ ਸਿੱਖ ਲਿਆ।

ਦੂਜਿਆਂ ਵਿੱਚੋਂ ਔਗੁਣ ਲੱਭਣੇ ਸੌਖੇ ਨੇ ਐਪਰ,
ਗੁਣੀ ਹੈ ਜਿਸਨੇ ਖੁਦ ਦਾ ਔਗੁਣ ਕਹਿਣਾ ਸਿੱਖ ਲਿਆ।

ਉਸ ਤੋਂ ਵੱਧਕੇ ਨਿਮਰ ਸੁਭਾਅ ਦੱਸ ਕਿਸਦਾ ਹੋਵੇਗਾ,
ਛੋਟਿਆਂ ਨੂੰ ਵੀ ਜਿਸਨੇ ਆਦਰ ਦੇਣਾ ਸਿੱਖ ਲਿਆ।

•

# ਗ਼ਜ਼ਲ

ਸਾਰੇ ਸੁਪਨੇ ਪੰਖ ਲਗਾਕੇ ਅੱਜ ਮੈਂ ਰੁਖਸਤ ਕਰ ਦਿੱਤੇ ਨੇ।
ਪਾ ਜਾਵਣ ਹਰ ਕੈਦ ਤੋਂ ਮੁਕਤੀ ਐਸੇ ਲਈ ਲਾ ਪਰ ਦਿੱਤੇ ਨੇ।

ਮਿਹਰ-ਨਦਰਿ ਜਦ ਤੇਰੀ ਹੋਣੀ ਹਰ ਅੰਧਿਆਰਾ ਛਟ ਜਾਵੇਗਾ,
ਆਪਣੇ ਵੱਲੋਂ ਚੌਹੀਂ ਪਾਸੀਂ ਦੀਵੇ ਬਾਲ ਮੈਂ ਧਰ ਦਿੱਤੇ ਨੇ।

ਕੀ ਸਾਹਸ ਸੀ ਇਸ ਬੰਦੀ ਦਾ ਉਹ ਤਾਂ ਤੂੰ ਹੀ ਹਿੰਮਤ ਬਖ਼ਸ਼ੀ,
ਤਕ ਕੇ ਓਟ ਖ਼ੁਦਾ ਮੈਂ ਤੇਰੀ ਅਗਨੀ ਤੇ ਪਗ ਧਰ ਦਿੱਤੇ ਨੇ।

ਵੈਰੀ ਜੇ ਕੋਈ ਹੁੰਦਾ ਸਾਡਾ ਫਿਰ ਤਾਂ ਅਸੀਂ ਵੀ ਸੰਭਲ ਕੇ ਚਲਦੇ,
ਹਮਦਰਦਾਂ ਨੇ ਹੀ ਪਰ ਸਾਡੇ ਰਸਤੇ ਮੁਸ਼ਕਿਲ ਕਰ ਦਿੱਤੇ ਨੇ।

ਮੁਸ਼ਕਿਲ ਜੇ ਨਾ ਰਸਤੇ ਹੁੰਦੇ ਮੰਜ਼ਿਲ ਰਾਸ ਨਾ ਆਉਂਦੀ ਸਾਨੂੰ,
ਧੰਨਵਾਦੀ ਹਾਂ ਦੂਣ-ਸਵਾਏ ਜਿਨ੍ਹਾਂ ਨੇ ਚਾਅ ਕਰ ਦਿੱਤੇ ਨੇ।

•

## ਗ਼ਜ਼ਲ

ਬੰਦੇ ਦਾ ਆਪਣੇ ਇਲਮ ਤੋਂ ਇਤਬਾਰ ਖੋ ਗਿਆ।
ਮੁਸ਼ਕਿਲ ਬੜਾ ਮਿਲਣਾ ਜਦੋਂ ਰੁਜ਼ਗਾਰ ਹੋ ਗਿਆ।

ਜੋ ਬਿਰਖ ਸੀ ਕਦੇ ਸੰਘਣਾ ਦੋ ਫਾੜ ਹੋ ਗਿਆ।
ਟਹਿਣਿਆਂ ਦੀ ਸਾਜ਼ਿਸ਼ ਦਾ ਸ਼ਿਕਾਰ ਹੋ ਗਿਆ।

ਨੌਹਾਂ ਤੋਂ ਟੁੱਟਿਆ ਮਾਸ ਤੇ ਇਨਸਾਨੀਅਤ ਹੈ ਖਾਕ,
ਬੰਦੇ ਲਈ ਸ਼ੁਗਲ ਬੰਦੇ ਦਾ ਸ਼ਿਕਾਰ ਹੋ ਗਿਆ।

ਮੀਟ ਕੇ ਅੱਖੀਆਂ ਕਦੋਂ ਬੱਚਿਆ ਕਬੂਤਰ ਬਿੱਲੀਉਂ,
ਬੰਦੇ ਨੂੰ ਹੋਇਆ ਭਰਮ ਕਿ ਉਹ ਅਵਤਾਰ ਹੋ ਗਿਆ।

ਜਿਸਮਾਂ ਨੇ ਹੋਣਾ ਖਾਕ ਤੇ ਜਿਸਮਾਂ ਨੂੰ ਹਾਂ ਸੰਵਾਰਦੇ,
ਕਿਉਂ ਰੂਹਾਂ ਦੀ ਪਾਕੀਜ਼ਗੀ ਦਾ ਇਤਬਾਰ ਖੋ ਗਿਆ।

ਜਦ ਕਦੇ ਵੀ ਝੰਬਿਆ ਕਿਸੇ ਨੂੰ ਵਕਤ ਦੀ ਮਾਰ ਨੇ,
ਸੂਲੋਂ ਸੂਲੀ ਤੇ ਤੀਲੀਓਂ ਤਲਵਾਰ ਹੋ ਗਿਆ।

ਬੇਸ਼ੱਕ ਨੇ ਸਦੀਆਂ ਲੰਘੀਆਂ ਗੰਗੂ ਹਾਲੇ ਵੀ ਜੀਅ ਰਿਹਾ,
ਬੇਖੌਫ਼ ਪਲ ਰਿਹਾ ਹੈ ਤੇ ਖੂੰਖਾਰ ਹੋ ਗਿਆ।

•

## ਗ਼ਜ਼ਲ

ਕੋਈ ਗਮ ਨਾ ਕਾਲੀ ਰਾਤ ਦਾ,
ਕਿਧਰੇ ਸਵੇਰਾ ਜ਼ਰੂਰ ਹੈ।
ਤੂੰ ਹੌਸਲਾ ਦੇ ਐ ਖੁਦਾ,
ਹਰ ਕਠਿਨ ਰਾਹ ਮਨਜ਼ੂਰ ਹੈ।

ਕੀ ਹੋਇਆ 'ਕੱਲੇ ਹਾਂ ਅਸੀਂ,
ਦੁਨੀਆਂ 'ਤੇ ਕੋਈ ਰੰਜ ਨਾ।
ਉਹ ਡੋਲਦਾ ਹੈ ਕਦ ਭਲਾ
ਜਿਸਦਾ ਆਦਰਸ਼ ਮਨਸੂਰ ਹੈ।

'ਨੇਰ੍ਹੀ ਵੀ ਪਰਖੇ ਹੌਸਲੇ
ਰਹਿੰਦੇ ਨੇ ਝੱਖੜ ਝੂਲਦੇ,
ਨ ਜੋਤ ਸੱਚ ਦੀ ਬੁਝ ਸਕੇ,
ਐਸਾ ਵੀ ਤਾਂ ਦਸਤੂਰ ਹੈ।

ਪਰਖਾਂ ਨੇ ਹਰ ਇਕ ਮੋੜ 'ਤੇ,
ਬੜੇ ਤੰਗ ਰਸਮੋਂ-ਰਿਵਾਜ ਨੇ,
ਅਗਨੀ 'ਚੋਂ ਉਭਰੇ ਸੱਚ ਜਦ,
ਕੁਫਰਾਂ ਨੂੰ ਕਰਦਾ ਚੂਰ ਹੈ।

ਤੈਨੂੰ ਬਹੁਤ ਗੁਮਾਨ ਹੈ,
ਸ਼ਾਤਿਰ ਤੇਰੇ ਦਿਮਾਗ ਦਾ,
ਸਾਨੂੰ ਜਿਸਦਾ ਆਸਰਾ
ਉਹ ਤਾਂ ਨੂਰਾਂ ਦਾ ਨੂਰ ਹੈ।

•

# ਗ਼ਜ਼ਲ

ਜਿਨ੍ਹਾਂ ਦੇ ਸਿਰ ਤੇ ਹੱਥ ਤੇਰਾ।
ਉਹ ਜ਼ੁਲਮ ਤੋਂ ਨਾ ਹਾਰਦੇ।
ਜ਼ਰੇ ਨੂੰ ਸੂਰਜ ਕਰ ਦਵੇ,
ਸਦਕੇ ਮੇਰੇ ਦਾਤਾਰ ਦੇ।

ਆ ਜ਼ਿੰਦਗੀ ਦੀ ਅਲਿਫ ਫੇਰ,
ਕਰੀਏ ਮੁਹੱਬਤ ਤੋਂ ਸ਼ੁਰੂ,
ਮੇਟ ਦੇ ਸਭ ਨਫਰਤਾਂ,
ਕੁਝ ਹਰਫ਼ ਲਿਖੀਏ ਪਿਆਰ ਦੇ।

ਫੱਟਾਂ ’ਤੇ ਕਰਨ ਲੇਪ ਜੋ
ਹੋਵਣ ਵੀ ਰੂਹ ਦੇ ਮੇਚ ਦੇ,
ਵੰਝਲੀ ਕਦੇ ਹੋ ਜਾਣ ਤੇ
ਤਪਦਾ ਕਲੇਜਾ ਠਾਰਦੇ।

ਧੁੰਦਲਾ ਗਏ ਕਿਉਂ ਲਿਸ਼ਕਦੇ
ਅੱਖਾਂ ਦੇ ਹੁਣ ਤਾਰੇ ਨਹੀਂ
ਫੁੱਲਾਂ ਦਾ ਜੋਬਨ ਢਲ ਗਿਆ
ਕੈਸੇ ਨੇ ਦਿਨ ਬਹਾਰ ਦੇ।

ਨਜ਼ਰਾਂ ’ਚ ਤੂੰ ਆਉਂਦਾ ਨਹੀਂ
ਜ਼ਹਿਨਾਂ ਦੀ ਹੱਦ ਤੋਂ ਪਾਰ ਹੈਂ,
ਕੋਈ ਹਰਫ ਤੇਰੇ ਮੇਚ ਨਾ
ਸਦਕੇ ਤੇਰੇ ਵਿਸਥਾਰ ਦੇ।

ਹੱਡਾਂ ਨੂੰ ਵੀ ਖੁਰਨਾ ਪਵੇ।
ਜਿੰਦੜੀ ਨੂੰ ਵੀ ਝੁਰਨਾ ਪਵੇ।
ਮੱਥੇ ਦੀ ਜਗਦੀ ਜੋਤ ਫਿਰ,
ਜੇ ਮਿਟਣ ਬੀ ਹੰਕਾਰ ਦੇ।

•

## ਗ਼ਜ਼ਲ

ਉਮਰਾਂ ਦਾ ਸਰਮਾਇਆ ਵੀ
ਪਲ 'ਚ ਗੁਵਾਉਣਾ ਪੈ ਜਾਂਦਾ।
ਹੱਸਕੇ ਥੁੜਾਂ ਦੇ ਨਾਲ ਕਦੀ
ਹੈ ਵਕਤ ਲੰਘਾਉਣਾ ਪੈ ਜਾਂਦਾ।

ਜਿਸਦੇ ਖੰਭਾਂ ਨਾਲ ਭਰੇ ਨਾ
ਕਦੇ ਵੀ ਜ਼ਿਹਨ ਉਡਾਰੀ,
ਜੀਵਨ ਵਿਚ ਉਹਦੇ ਨਾਲ ਕਦੇ ਹੈ
ਲਾ ਕੇ ਖਾਣਾ ਪੈ ਜਾਂਦਾ।

ਗਰਜ਼ਾਂ ਕੱਢ ਕੇ ਜਿੱਧ ਜਾਂਦੇ
ਜੋ ਸੀਨਾ ਵਫਾ ਨਿਮਾਣੀ ਦਾ,
ਫੁੱਲਾਂ ਨੂੰ ਉਹਨਾਂ ਖਾਰਾਂ ਲਈ
ਵੀ ਹੈ ਮੁਰਝਾਉਣਾ ਪੈ ਜਾਂਦਾ।

ਜਿਸ ਦੇ ਮਾਰੇ ਲੰਮੇ ਪੈਂਡੇ
ਸਰ ਕਰਨੋਂ ਕਤਰਾਈਏ ਨਾ,
ਉਸੇ ਹੀ ਦੀਵਾਰ ਨਾ ਇਕ ਦਿਨ
ਮੱਥਾ ਲਾਉਣਾ ਪੈ ਜਾਂਦਾ।

ਜਿਸ ਤੋਂ ਆਪਣੇ ਜੀਵਨ ਦੀ
ਸੁਲਝੇ ਇਕ ਵੀ ਤਾਣੀ ਨਾ,
ਸੱਦਕੇ ਸਮੇਂ ਦੇ ਉਸ ਹੱਥੋਂ
ਹੈ ਮਨ ਸਮਝਾਉਣਾ ਪੈ ਜਾਂਦਾ।

•

## ਗ਼ਜ਼ਲ

ਆਸ਼ਾ ਸੀ ਕਿ ਭੰਵਰ ਚੋਂ,
ਨਿਕਲੇਗੀ ਮੇਰੀ ਕਸ਼ਤੀ।
ਪਾਉਂਦੇ ਰਹੇ ਪਰ ਵੱਟੇ ਉਹ
ਰਿਸ਼ਤੇ ਬਣਾ ਕੇ ਵਕਤੀ।

ਦਾਤਾ ਜੇ ਤੂੰ ਸੀ ਮੈਨੂੰ,
ਹਰਫਾਂ ਦੀ ਜੋਤ ਬਖਸ਼ੀ,
ਖਿੜੇ-ਮੱਥੇ ਮੈਂ ਝੱਲੀ,
ਸਮੇਂ ਦੀ ਹਰ ਇਕ ਸਖਤੀ।

ਐਸਾ ਸੀ ਦਰਦ ਡੂੰਘਾ,
ਹੱਦੋਂ ਗੁਜ਼ਰ ਗਿਆ ਸੀ,
ਫਿਰ ਵੀ ਸੀ ਚੜ੍ਹੀ ਰਹਿੰਦੀ,
ਸਾਨੂੰ ਤਾਂ ਜਿਵੇਂ ਮਸਤੀ।

ਮੇਰੇ ਤਾਰਿਆਂ ਦਾ ਕੋਈ,
ਅਸਮਾਨ ਲੈ ਗਿਆ ਸੀ,
ਤੂੰ ਹੀ ਵਿਸਾਰੇ ਸੰਸੇ,
ਨਿਤਰੀ ਜੋ ਮੇਰੀ ਹਸਤੀ।

ਕਦ ਮੋਮ ਦੇ ਹੱਥੋਂ ਉਹ,
ਪੱਥਰ ਪਿਘਲ ਰਿਹਾ ਸੀ,
ਤੀਲੀ ਬਣੀ ਤਲਵਾਰ ਫਿਰ,
ਤੇਰੀ ਨਦਰਿ ਜੋ ਵਰਤੀ।

ਆਸ਼ਾ ਦੇ ਬੂਟਿਆਂ ਨੂੰ,
ਦੀਮਕ ਨੇ ਖਾ ਲਿਆ ਸੀ।
ਫੁੱਟਿਆ ਹੈ ਬੂਰ ਫਿਰ ਤੋਂ,
ਬਹਾਰ ਫਿਰ ਹੈ ਪਰਤੀ।

•

## ਗ਼ਜ਼ਲ

ਤੇਰੇ ਨਾਮ ਦਾ ਹੀ ਦਾਤਾ,
ਹੁਣ ਤਾਂ ਖ਼ੁਮਾਰ ਦੇਵੀਂ।
ਮੰਗਤੇ ਹਾਂ ਤੇਰੇ ਦਰ ਦੇ,
ਹਾੜਾ! ਕਰਾਰ ਦੇਵੀਂ।

ਅਰਸ਼ਾਂ ਨੂੰ ਭਾਵੇਂ ਛੂਹੀਏ,
ਧਰਤੀ 'ਤੇ ਪੈਰ ਹੋਵਣ,
ਵਿਸਰੇ ਜੇ ਸਾਨੂੰ ਮੇਧਨੀ,
ਅਰਸ਼ੋਂ ਉਤਾਰ ਦੇਵੀਂ।

ਤੇਰੀ ਯਾਦ ਨੂੰ ਜੋ ਭੁੱਲੇ,
ਜੁੜੇ ਜੇ ਉਹਨਾਂ ਨਾਲ ਹਾਂ,
ਐਸੇ ਤੂੰ ਹਿਰਦਿਆਂ ਚੋਂ,
ਸਾਨੂੰ ਵਿਸਾਰ ਦੇਵੀਂ।

ਸਭ ਦੇ ਕਰਾਂ ਨੂੰ ਬਖਸ਼ੀਂ,
ਮਿਹਨਤ ਦੀ ਰੋਜ਼ੀ ਰੋਟੀ,
ਚਾਹੀਏ ਪਰਾਇਆ ਹੱਕ ਨਾ,
ਭੁੱਖਾਂ ਉਤਾਰ ਦੇਵੀਂ।

ਹੋਵੇ ਨਾ ਤਨ ਜਾਂ ਮਨ 'ਤੇ,
ਕਦੇ ਆਲਸਾਂ ਦਾ ਡੇਰਾ,
ਪੈਰਾਂ ਨੂੰ ਤੋਰ ਬਖਸ਼ੀਂ,
ਹਿੰਮਤ ਸਵਾਰ ਦੇਵੀਂ।

•

# ਗ਼ਜ਼ਲ

ਰਾਂਗਲੇ ਸੱਜਣਾਂ ਨੇ ਰੰਗ ਦਿੱਤੇ ਨੇ ਬੇਸ਼ੁਮਾਰ ਜੀ।
ਹੋ ਗਏ ਤ੍ਰਿਪਤ ਹੁਣ, ਲੱਥੇ ਨਾ ਇਹ ਖੁਮਾਰ ਜੀ।

ਪਾਣੀ-ਹਵਾ-ਆਕਾਸ਼ ਜਾਂ ਅਗਨੀ ਤੇ ਧਰਤੀ ਹੋ ਰਵਾਂ,
ਲੂੰ-ਲੂੰ ਮੇਰਾ ਪਰ ਫੇਰ ਵੀ ਤੈਥੋਂ ਰਹੇ ਬਲਿਹਾਰ ਜੀ।

ਸਿਤਮਾਂ ਤੋਂ ਉਹ ਨਾ ਡੋਲਣ ਤੇਰਾ ਜੋ ਨਾਮ ਬੋਲਣ,
ਫੁੱਲਾਂ ਦੇ ਵਾਂਗੂੰ ਸੋਭਦੇ ਕਦਮਾਂ ਨੂੰ ਫਿਰ ਅੰਗਿਆਰ ਜੀ।

ਜਿਸਨੇ ਵੀ ਮਨ ਨੂੰ ਸਾਧਿਆ ਦਰਦਾਂ ਦੇ ਨੱਕੇ ਪੁਰ ਗਿਆ,
ਉਹ ਸਹਿਜ ਰਹਿ ਕੇ ਹਰ ਰਜ਼ਾ ਖੁਸ਼ ਹੋ ਕਰੇ ਸਵੀਕਾਰ ਜੀ।

ਤੇਰੀ ਯਾਦ ਬਿਨ ਜੋ ਜੀਅ ਰਿਹਾ ਕਾਹਦਾ ਹੈ ਜੀਣਾ ਉਸਦਾ,
ਮੋਢਿਆਂ ਤੇ ਚੁੱਕੀ ਫਿਰ ਰਿਹਾ ਆਪਣੇ ਜਿਵੇਂ ਮੁਰਦਾਰ ਜੀ।

•

## ਗ਼ਜ਼ਲ

ਬਚਦਾ ਹੈ ਕਦ ਅਫਵਾਹਾਂ ਤੋਂ,
ਖੰਭਾਂ ਤੋਂ ਬਣਦੀ ਡਾਰ ਵੀ।
ਜੋ ਆਦਮੀ ਸ਼ਰੀਫ ਹੈ।
ਤੇ ਸੱਚ ਦਾ ਪਹਿਰੇਦਾਰ ਵੀ,

ਰੁਕਦਾ ਨਾ ਜੋ ਗੈਰਾਂ ਦੇ ਵੀ,
ਹੱਕਾਂ ਦੀ ਰਾਖੀ ਕਰਨ ਤੋਂ,
ਰੁਲਦੀ ਚੁਰਸਤੇ ਲਾਸ਼ ਨੂੰ,
ਜੁੜਦਾ ਕਫਨ ਨਾ ਖਾਰ ਵੀ।

ਕਿਤੇ ਸਾਜ਼ ਹੈ ਆਵਾਜ਼ ਨਹੀਂ,
ਆਵਾਜ਼ ਹੈ ਤਾਂ ਸਾਜ਼ ਨਹੀਂ,
ਜੀਵਨ ਨੂੰ ਫਿਰ ਵੀ ਗਾ ਰਹੇ,
ਐਸੇ ਨੇ ਕੁਝ ਫਨਕਾਰ ਵੀ।

ਇਨਸਾਨ ’ਤੇ ਹਾਵੀ ਹੋਈ,
ਹੈਵਾਨੀਅਤ ਕੁਝ ਇਸ ਕਦਰ,
ਮਨ ’ਤੇ ਰਤਾ ਨਾ ਬੋਝ ਹੋਏ,
ਪੂਜਕੇ ਹੋਏ ਗੱਦਾਰ ਵੀ।

ਲੱਜਾ-ਹਯਾ ਸਭ ਤਿਆਗ ਕੇ
ਸ਼ਰੇਆਮ ਹੋਏ ਬੇਸ਼ਰਮ ਹਾਂ,
ਫਰਜ਼ਾਂ ਤੋਂ ਪਾਸਾ ਮੋੜ ਕੇ,
ਬਣਦੇ ਪਏ ਹੱਕਦਾਰ ਵੀ।

•

# ਗ਼ਜ਼ਲ

ਫੁੱਲਾਂ ਵਰਗੇ ਰਿਸ਼ਤੇ ਕਾਹਤੋਂ ਭਾਰੇ ਹੁੰਦੇ ਜਾਂਦੇ ਨੇ।
ਮਾਖਿਓ ਤੋਂ ਵੀ ਮਿੱਠੇ ਸੀ ਜੋ ਖਾਰੇ ਹੁੰਦੇ ਜਾਂਦੇ ਨੇ।

ਇਕ ਅੱਧੇ ਦੇ ਨਾਲ ਵੀ ਮਿਲਕੇ ਜ਼ਿੰਦਗੀ ਸੌਖੀ ਲੰਘ ਜਾਂਦੀ,
ਇਕ ਥਾਲੀ ਦੇ ਚੱਟੇ-ਵੱਟੇ ਸਾਰੇ ਹੁੰਦੇ ਜਾਂਦੇ ਨੇ।

ਜਿਨ੍ਹਾਂ ਦੀ ਹਰ ਸਾਹ ਨਾਲ, ਰੱਬ ਤੋਂ ਖੈਰ ਹਮੇਸ਼ਾਂ ਚਾਹੁੰਦੇ ਸਾਂ,
ਜਾਨ ਲੈਣ ਤੇ ਤੁਲੇ ਨੇ ਉਹ ਹਤਿਆਰੇ ਹੁੰਦੇ ਜਾਂਦੇ ਨੇ।

ਨਫ਼ਰਤ ਕਰਨੀ ਆਈ ਨਾ ਸਾਡੇ ਦਿਲ ਦਾ ਇਹੀ ਕਸੂਰ ਹੋਇਆ,
ਅਹਿਸਾਸ ਸਾਡੇ ਨਿਰਦੋਸ਼ੇ ਵੀ ਕਸੂਰਵਾਰੇ ਹੁੰਦੇ ਜਾਂਦੇ ਨੇ।

ਖੈਰ ਮਨਾਉਂਦੇ ਨੈਣਾਂ ਵਾਲੇ ਪੁਸ਼ਪ ਜਿਨ੍ਹਾਂ ਤੋਂ ਅਰਪਣ ਸੀ,
ਰਾਹਾਂ ਦੇ ਉਹ ਕੰਡੇ ਤੇ ਅੰਗਿਆਰੇ ਹੁੰਦੇ ਜਾਂਦੇ ਨੇ।

•

## ਗ਼ਜ਼ਲ

ਸੱਚ ਦਾ ਨੂਰ ਗੁਆਚ ਗਿਆ, ਨਾ ਭੋਲੀ ਹੈ ਮੁਸਕਾਨ।
ਹਰ ਚਿਹਰਾ ਗਮਗੀਨ ਜਾਪਦਾ, ਜਾਂ ਫਿਰ ਹੈ ਪ੍ਰੇਸ਼ਾਨ।

ਸੱਚ ਵਿਚਾਰਾ ਬੇਵਸ ਹੋਇਆ, ਕਦਰ ਕੋਈ ਨਾ ਜਾਣੇ,
ਝੂਠ ਨੂੰ ਪੂਜਣ ਲੱਗੀ ਦੁਨੀਆ ਝੂਠਾ ਅੱਜ ਮਹਾਨ।

ਰੂਹ ਦਾ ਮਰਨਾ ਕਿੰਝ ਕੋਈ ਗੌਲੇ, ਜਿਸਮ ਨੇ ਮਰਦੇ ਆਮ,
ਮੌਤ ਦੀ ਖੇਡ ਨੇ ਪੱਥਰ ਕੀਤਾ ਪੱਥਰ ਦਿਲ ਇਨਸਾਨ।

ਮਾਪੇ ਤੋਰੇ ਵਿਰਧ ਆਸ਼ਰਮ 'ਤੇ ਘਰ ਬਣੇ ਮਕਾਨ,
ਐਨੀ ਕਿਉਂ ਨਿਰਮੋਹੀ ਹੋ ਗਈ ਅੱਜ ਕਲ੍ਹ ਹੈ ਸੰਤਾਨ।

ਕਿਧਰੇ ਨਾ ਪਏ ਲੋੜ ਜਾਣ ਦੀ, ਨਾ ਤੀਰਥ ਨਾ ਗੰਗਾ,
ਸੁੱਚੇ ਮਨ ਨਾਲ ਜਿਸਨੇ ਕੀਤਾ ਸੱਚ ਦਾ ਹੈ ਇਸ਼ਨਾਨ।

ਲੱਗਦੈ ਸਭ ਕੁਝ ਧੂੰਆਂ ਕਰਦੂੰ, ਹਰਿਆਲੀ ਮਿਟ ਜਾਣੀ,
ਕੁਦਰਤ ਦੇ ਨਾਲ ਆਢਾ ਲਾ ਕੇ ਬਹਿ ਗਿਆ ਹੈ ਇਨਸਾਨ।

ਪਾਣੀ ਤੋਂ ਬਿਨ ਜੀਅ ਲਵੇਗਾ, ਧੂੰਏਂ ਨੂੰ ਹੀ ਪੀ ਲਵੇਗਾ।
ਹੌਲੀ-ਹੌਲੀ ਬੰਦਾ ਕਿਉਂਕਿ, ਬਣ ਰਿਹਾ ਹੈ ਸ਼ੈਤਾਨ।

•

## ਗ਼ਜ਼ਲ

ਬਸ ਰਹਿਣ ਦੇ ਹੁਣ ਲੋੜ ਨਾ, ਕਿਸੇ ਰਸਮ ਤੇ ਰਿਵਾਜ ਦੀ।
ਮਨ ਨੇ ਸੁਣੀ ਇਹਨੂੰ ਤਾਂਘ ਸੀ, ਮੁੱਦਤ ਤੋਂ ਜਿਸ ਆਵਾਜ਼ ਦੀ।

ਸੀਨੇ 'ਚ ਲੁੱਕਕੇ ਜੋ ਸਦਾ, ਰਹਿੰਦਾ ਸੀ ਪਰਾਂ ਨੂੰ ਤੋਲਦਾ
ਪੰਛੀ ਉਡਣ ਲਈ ਤਿਆਰ ਹੈ ਬਸ ਲੋੜ ਹੈ ਪਰਵਾਜ਼ ਦੀ।

ਇਹ ਹੋ ਨਾ ਸਕਦਾ ਕਿ ਖੁਦਾ, ਪੂਰੀ ਕਰੇ ਕੋਈ ਆਸ ਨਾ,
ਹਾਂ ਲੋੜ ਹੋਏ ਸੱਚੇ ਮਨੋਂ ਨਿਕਲੀ ਹੋਈ ਆਵਾਜ਼ ਦੀ।

ਦਾਮਨ ਨੂੰ ਮੈਲ਼ਾ ਕਰ ਰਿਹਾ ਵਿਕਾਰਾਂ ਦੇ ਵਿੱਚ ਉਲਝਕੇ,
ਬੰਦੇ ਨੂੰ ਕਿਉਂ ਪ੍ਰਵਾਹ ਨਹੀਂ, ਹੁਣ ਆਤਮਾ ਦੀ ਲਾਜ ਦੀ।

ਕੇਵਲ ਸੋਚਾਂ ਦੇ ਨਾਲ ਹੀ, ਮਿਲਦਾ ਕੋਈ ਪ੍ਰਮਾਣ ਨਈਂ,
ਪੈਂਦਾ ਹੈ ਜਾਂ ਤੇ ਖੇਡਣਾ ਜੇ ਤਾਂਘ ਹੋਏ ਸਵਰਾਜ ਦੀ।

•

## ਗ਼ਜ਼ਲ

ਜਿਹੜੇ ਘਰ ਵਿੱਚ ਪਹਿਲੀ ਲਕਸ਼ਮੀ ਕਰਦੀ ਏ ਪ੍ਰਵੇਸ਼।
ਭਾਗਾਂ ਭਰਿਆ ਹੋਵੇ ਕਿਹੜੀ ਗੱਲ ਤੇ ਪਵੇ ਕਲੇਸ਼?

ਜਦ ਤੱਕ ਨਾ ਕੋਈ ਪਰਖੇ ਸਾਨੂੰ ਨਾ ਕੋਈ ਚਿੱਤ ਫਰੋਲੇ,
ਉਦੋਂ ਤੱਕ ਹਾਂ ਅਸੀਂ ਵੀ ਸੱਚੇ-ਸੁੱਚੇ ਤੇ ਦਰਵੇਸ਼।

ਉਹੀ ਸਾਨੂੰ ਨਾ ਵੇਖਣ ਦਾ ਪਾ ਕੇ ਲੰਘੇਂ ਭੁਲੇਖਾ,
ਸਾਡੇ ਦਿਲ ਵਿੱਚ ਜਿਸਦੀ ਥਾਂ ਸੀ ਸਭਨਾਂ ਨਾਲੋਂ ਵਿਸ਼ੇਸ਼।

ਭਾਣਾ ਮੰਨਣ ਦਾ ਬਲ ਬਖਸ਼ੇ ਇਹ ਉਸਦੀ ਵਡਿਆਈ,
ਰੱਬ ਤੇ ਹੋਣੀ ਅੱਗੇ ਚੱਲਦੀ ਕਦੋਂ ਕਿਸੇ ਦੀ ਪੇਸ਼।

ਮੂੰਹ 'ਤੇ ਜੀ-ਜੀ ਕਰਦੇ ਨੇ ਜੋ ਪਿੱਛੋਂ ਛੁਰੀ ਚਲਾਉਂਦੇ,
ਉਪਰੋ-ਉਪਰੀ ਸਭ ਦਾ ਸਭ ਲਈ ਉਜਲਾ ਭਾਵੇਂ ਵੇਸ।

ਆਪਣੇ ਹੀ ਨਾ ਚਾਹੁੰਦੇ ਅੱਜਕਲ੍ਹ ਆਪਣਿਆਂ ਦੀ ਖੁਸ਼ਹਾਲੀ,
ਇਕ ਦੂਜੇ ਨੂੰ ਪਿੱਛੇ ਛੱਡਣ ਦੀ ਲੱਗੀ ਏ ਰੇਸ।

•

# ਗ਼ਜ਼ਲ

ਦਰਦਾਂ ਮਾਰੇ ਦਿਲ ਨੂੰ ਆਉਣੀ ਲੱਗਦੈ ਕਦੇ ਨਾ ਟੇਕ।
ਅਪਣੀ ਗਰਜ਼ 'ਚ ਬੱਝਾ ਫਿਰਦੈ ਪਰਖਿਆ ਅਸਾਂ ਹਰੇਕ।

ਝੂਠ ਕਪਟ ਦਾ ਬੇਸ਼ੱਕ ਸੱਜਣਾ ਧਾਰ ਲਿਆ ਤੂੰ ਵੇਸ,
ਕਿੰਝ ਸਹੇਂਗਾ ਜੇਕਰ ਲੱਗਿਆ ਸੱਚ ਦਾ ਤੈਨੂੰ ਸੇਕ?

ਮੇਰੇ ਵਰਗੇ ਬਹੁਤ ਨੇ ਕਹਿੰਦੇ ਪਾਠ ਤੇ ਪੂਜਾ ਕਰਦੇ ਹਾਂ ਜੀ,
ਵਿਰਲੇ ਟਾਵੇਂ ਨੂੰ ਰੱਬ ਮਿਲਦਾ ਪਾ ਨਾ ਸਕੇ ਹਰੇਕ।

ਮਨ ਵਿੱਚ ਜੇ ਨਾ ਵਸੇ ਪ੍ਰੀਤਮ ਕਦੇ ਮੇਲ ਨਾ ਹੋਵੇ,
ਜਿੰਨੇ ਮਰਜ਼ੀ ਸੁਰਾਂ ਦੀ ਲਾਈਏ ਉੱਚੇ ਸੁਰ ਵਿੱਚ ਹੇਕ।

ਸਬਰ-ਸ਼ੁਕਰ ਤੋਂ ਹੋ ਕੇ ਵਾਂਝੇ ਸਭ ਨੇ ਤਰਲੋ ਮੱਛੀ,
ਹਰ ਕੋਈ ਹੋਣਾ ਚਾਹੁੰਦਾ ਚਾਰੋਂ ਪਾਸੇ ਹੀ ਪਰਿਪੇਕ।

•

## ਗ਼ਜ਼ਲ

ਰਿਸ਼ਵਤ ਦੇ ਨਾਲ ਅੱਜਕਲ੍ਹ ਲੋਕੀ ਸਾਰੇ ਕੰਮ ਕਰਵਾ ਲੈਂਦੇ ਨੇ।
ਕੌਣ ਉਡੀਕੇ ਵਾਰੀ ਨੂੰ ਝੱਟ ਪਹਿਲਾ ਨੰਬਰ ਲਵਾ ਲੈਂਦੇ ਨੇ।

ਅਮੀਰਾਂ ਦੇ ਨਾਲ ਦੂਰੋਂ ਨੇੜਿਓਂ ਕੱਢਣ ਜਿਹੜੇ ਸਕੀਰੀਆਂ,
ਗਰੀਬ ਜੇ ਨੇੜੂ ਸਾਕ ਵੀ ਹੋਵੇ ਮਿਲਦਿਆਂ ਨਜ਼ਰ ਚੁਰਾ ਲੈਂਦੇ ਨੇ।

ਕਈ ਦੂਜੇ ਨੂੰ ਖੁਸ਼ੀ ਦੇਖਕੇ ਮੱਥੇ ਤਿਊੜੀ ਪਾ ਲੈਂਦੇ ਨੇ,
ਕਈ ਐਸੇ ਜੋ ਹੋਰਾਂ ਦੇ ਗਮ ਹੱਸਕੇ ਆਪ ਹੰਢਾ ਲੈਂਦੇ ਨੇ।

ਮੁਕ ਜਾਂਦੇ ਕਈ ਕੋਸ਼ਿਸ ਕਰਦੇ ਕਦੇ ਤਾਂ ਆਪਣੇ-ਆਪਣੇ ਹੋ ਜਾਣ,
ਕਈ ਉਮਰਾਂ ਭਰ ਰੁੱਸ ਕੇ ਸੱਜਣਾਂ ਦੇ ਨਾਲ ਉਮਰ ਮੁਕਾ ਲੈਂਦੇ ਨੇ।

ਕਿੱਧਰੇ ਮੋਏ ਪਿੱਤਰਾਂ ਨੂੰ ਕਈ ਛੱਤੀ ਭੋਗ ਲਗਾਉਂਦੇ ਨੇ,
ਕਿੱਧਰੇ ਢਿੱਡੋਂ ਜੰਮੇਂ ਹੀ ਜਿਊਂਦੇ ਮਾਪਿਆਂ ਨੂੰ ਖਾ ਲੈਂਦੇ ਨੇ।

ਕਈ ਉਮਰਾਂ ਭਰ ਤੀਰਥ ਨ੍ਹਾ ਕੇ ਵੀ ਰੱਬ ਨੂੰ ਨਾ ਪਾ ਸਕਦੇ,
ਕਈ ਮਨ ਸਾਧ ਕੇ ਘਰ ਬੈਠੇ ਹੀ ਮਾਪਿਆਂ ਚੋਂ ਰੱਬ ਪਾ ਲੈਂਦੇ ਨੇ।

ਕਈ ਸਰਦੇ-ਪੁਜਦੇ ਵੀ ਰੱਬ ਨੂੰ ਨਿੱਤ ਉਲਾਮੇ ਦਿੰਦੇ ਨੇ,
ਕਈ ਮਿਹਨਤ ਦੀ ਰੁੱਖੀ-ਮਿੱਸੀ ਖਾ ਕੇ ਸ਼ੁਕਰ ਮਨਾ ਲੈਂਦੇ ਨੇ।

•

## ਗ਼ਜ਼ਲ

ਜਦ ਵੀ ਤੇਰੀ ਲੋੜ ਸੀ ਮੈਨੂੰ,
ਕਦੇ ਤੂੰ ਮੇਰੇ ਪਾਸ ਨਹੀਂ ਸੀ।
ਸਾਰੀ ਉਮਰ ਤਿਹਾਇਆਂ ਲੰਘੀ,
ਜਦ ਆਏ ਤਦ ਪਿਆਸ ਨਹੀਂ ਸੀ।

ਦਰਦਾਂ ਨਾਲ ਸੀ ਜੀਵਨ ਵਿੰਨਿਆ,
ਪਰ ਕੋਈ ਧਰਵਾਸ ਨਹੀਂ ਸੀ।
ਤਿੜਕ-ਤਿੜਕ ਸਭ ਰੀਝਾਂ ਮੁੱਕੀਆਂ,
ਤੈਨੂੰ ਪਰ ਅਹਿਸਾਸ ਨਹੀਂ ਸੀ।

ਦਰਦ ਵੰਡਾਵਣ ਕਿੰਝ ਕੋਈ ਆਉਂਦਾ,
ਜਦਾ ਹਾਲੇ ਮੈਂ ਖਾਕ ਨਹੀਂ ਸੀ।
ਸਿਤਮਾਂ ਐਦਾਂ ਝੁਲਸਿਆ ਸਾਨੂੰ
ਮੋਏ ਤਾਂ ਸਾਡੀ ਲਾਸ਼ ਨਹੀਂ ਸੀ।

ਵਫਾ ਈਮਾਨ ਤੇ ਸੱਚ ਮੁਹੱਬਤ,
ਹੋਰ ਕੋਈ ਸਾਡੀ ਜਾਤ ਨਹੀਂ ਸੀ।
ਰਾਖ ਹੋਏ ਤਾਂ ਉਹ ਵੀ ਪਹੁੰਚੇ,
ਜਿਉਂਦਿਆਂ ਜਿਨ੍ਹਾਂ ਦੀ ਆਸ ਨਹੀਂ ਸੀ।

ਜ਼ਿੰਦਾਦਿਲੀ ਦੇ ਨਾਲ ਹਾਂ ਜੀਵੇ,
ਜੀਵਨ ਘੱਟ ਬਣਵਾਸ ਨਹੀਂ ਸੀ।
ਵਕਤ ਹੋਇਆ ਤਾਂ ਤੁਰ ਚੱਲੇ ਹਾਂ,
ਪਰ ਹਾਲੇ ਨਿਰਾਸ਼ ਨਹੀਂ ਸੀ।

•

# ਗ਼ਜ਼ਲ

ਤਾਰਿਆਂ ਵਾਂਗੂੰ ਚਾਨਣ ਭਰ-ਭਰ,
ਹੰਭ ਗਏ ਅਸੀਂ ਰਾਤਾਂ ਲਈ।
ਦੋ ਪਲ ਤੈਨੂੰ ਹੋਈ ਨਾ ਫੁਰਸਤ,
ਚੰਨਾਂ ਸਾਡੀਆਂ ਬਾਤਾਂ ਲਈ।

ਢਾਲ ਵਿਹੂਣਾ ਦਿਲ ਸਾਡਾ ਤੇ,
ਨਜ਼ਰ ਤੇਰੀ ਦੇ ਤੀਰ ਬੇਕਾਬੂ,
ਵਫਾ ਦਾ ਸੀਨਾ ਚੀਰ ਗਏ ਤੇ,
ਦਰਦ ਬਣੇ ਜਜ਼ਬਾਤਾਂ ਲਈ।

ਨਾ ਪੁੰਨਿਆਂ ਦੀ ਰਾਤ ਜੁੜੀ ਤੇ,
ਨਾ ਪਲਕਾਂ ਦੀ ਛਾਵੇਂ ਬੈਠੇ।
ਟੀਸੀ ਤੋਂ ਉਹ ਕਦੇ ਨਾ ਲੱਥੇ,
ਰਾਈ ਦੀਆਂ ਮੁਲਾਕਾਤਾਂ ਲਈ।

ਕਦੇ ਨਾ ਸਾਡਾ ਸਾਵਣ ਆਇਆ,
ਕਦੇ ਘਟਾ ਘਣਘੋਰ ਨਾ ਵਰਸੀ।
ਦਿਲ ਦੀ ਤਾਂਘ ਤੜਪਦੀ ਰਹਿ ਗਈ,
ਮੋਹ ਭਿੱਜੀਆਂ ਬਰਸਾਤਾਂ ਲਈ।

ਵਫਾ ਨੂੰ ਜਿਊਂਦੀ ਮਾਰ ਮੁਕਾਉਂਦਾ,
ਪਰ ਮੱਥੇ ਤੇ ਦਾਗ ਨਾ ਆਉਂਦਾ।
ਜ਼ਿਹਨ ਤੇਰਾ ਮਸ਼ਹੂਰ ਬੜਾ ਹੈ,
ਇਹੋ ਜਿਹੀਆ ਕਰਾਮਾਤਾਂ ਲਈ।

•

## ਗ਼ਜ਼ਲ

ਟੋਹਿਆਂ ਵਿੱਚੋਂ ਲੰਘ ਬਣੀ ਖਾਈ ਸਾਡੀ ਜ਼ਿੰਦਗੀ ।
ਸਿਤਮਾਂ ਨੇ ਰੱਜ ਕੇ ਹੰਢਾਈ ਸਾਡੀ ਜ਼ਿੰਦਗੀ।

ਚਾਰੋਂ ਪਾਸੇ ਲੋਕਾਂ ਦੀ ਹੈ ਭੀੜ ਲੱਗੀ ਰਹਿੰਦੀ ਚਾਹੇ,
ਆਪਣਾ ਨਾ ਕੋਈ ਲੱਭ ਪਾਈ ਸਾਡੀ ਜ਼ਿੰਦਗੀ।

ਗੀਤਾਂ ਦੀਆਂ ਮਹਿਫਿਲਾਂ 'ਚ ਦਾਦ ਸਾਨੂੰ ਦੇਣ ਵਾਲੇ,
ਜਾਣਦੇ ਨਈ ਬਸ ਹੈ ਤਨਹਾਈ ਸਾਡੀ ਜ਼ਿੰਦਗੀ।

ਗੈਰਾਂ ਦੀ ਗੁਲਾਮੀ ਕਾਹਤੋਂ ਕਰੀਏ ਨਾ ਖੁਸ਼ ਹੋ ਕੇ,
ਆਪਣਿਆਂ ਨੇ ਦਾਅ ਤੇ ਲਗਾਈ ਸਾਡੀ ਜ਼ਿੰਦਗੀ।

ਫੱਟਾਂ ਦਾ ਜਵਾਬ ਅਸੀਂ ਦਿੰਦੇ ਤਦੋਂ ਫੱਟਾਂ ਨਾਲ
ਹੁੰਦੀ ਨਾ ਜੇ ਮੋਹ ਦੀ ਤਿਹਾਈ ਸਾਡੀ ਜ਼ਿੰਦਗੀ।

•

## ਗ਼ਜ਼ਲ

ਗੀਤਾਂ ਦੀ ਤੜਪਦੀ ਮਿੱਟੀ ਨੂੰ,
ਸਹਿਲਾਉਣ ਵਾਲਿਆ ਸ਼ੁਕਰੀਆ।
ਨੈਣਾਂ 'ਚ ਰੁਲਦੇ ਖਾਬ ਨੂੰ,
ਗਲ ਲਾਉਣ ਵਾਲਿਆ ਸ਼ੁਕਰੀਆ।

ਪੀੜਾਂ ਦੇ ਸਾਂ ਵਣਜਾਰੇ ਅਸੀਂ,
ਇਹ ਵੰਗਾਂ ਕੋਈ ਚਾਹੁੰਦਾ ਕਦੋਂ?
ਜਿਉਂਦਾ ਰਹੇਂ ਤੂੰ ਵੀਣ੍ਹੀ 'ਤੇ,
ਚੜ੍ਹਵਾਉਣ ਵਾਲਿਆ ਸ਼ੁਕਰੀਆ।

ਗੁੰਮਨਾਮੀ ਵਿਹੜੇ ਹੋ ਗਏ,
ਕਦੇ ਅਸੀਂ ਮਸ਼ਹੂਰ ਸਾਂ।
ਦਿਲ ਦੀ ਰੋਹੀਏ ਰੌਣਕਾਂ,
ਲਗਾਉਣ ਵਾਲਿਆ ਸ਼ੁਕਰੀਆ।

ਪੱਥਰ ਕੋਈ ਮਨਹੂਸ ਜਾਂ
ਫਿਰ ਬੇਵਫਾ ਕਹਿੰਦਾ ਰਿਹਾ।
ਕਰਕੇ ਭਰੋਸਾ ਤੇ ਵਫਾ,
ਅਜ਼ਮਾਉਣ ਵਾਲਿਆ ਸ਼ੁਕਰੀਆ।

ਸਾਰੇ ਅਚੰਭਤ ਹੋ ਗਏ,
ਸਦਕੇ ਕਰਨ ਪਰਵਾਜ਼ ਤੋਂ।
ਭਰਮਾਂ ਦੀ ਕੈਦ 'ਚੋਂ ਤਿੱਤਲੀ ਨੂੰ,
ਛੱਡਵਾਉਣ ਵਾਲਿਆ ਸ਼ੁਕਰੀਆ।

•

## ਗ਼ਜ਼ਲ

ਜੀਵਨ ਹੋ ਗਿਆ ਰਾਤ ਹਨੇਰੀ,
ਚਾਨਣ ਦਾ ਕੋਈ ਚਾਰਾ ਨਈ।
ਚੰਨ ਤੇ ਤਾਰੇ ਕਿੱਥੇ ਛਿਪ ਗਏ,
ਦਿਸਦਾ ਕੋਈ ਨਜ਼ਾਰਾ ਨਈ।

ਜਿਹਦੇ ਗਮ 'ਚ ਸ਼ਾਮਿਲ ਹੋਣ ਦਾ,
ਅਧਿਕਾਰ ਸੀ ਮੇਰਾ,
ਮੰਗਾਂ ਮੈਂ ਉਹਦੀ ਖੈਰ ਵੀ,
ਉਸਨੂੰ ਗਵਾਰਾ ਨਈ।

ਲੱਗੀ ਜੇ ਪਿਆਸ ਉਸ ਨੂੰ,
ਆਵੇਗਾ ਉਹ ਕਿੱਦਾਂ,
ਐਸੀ ਨਦੀ ਮੈਂ ਹੋ ਗਈ
ਜਿਸਦਾ ਕਿਨਾਰਾ ਨਈ।

ਜਿਸਨੂੰ ਵੀ ਜਿੰਨੀ ਲੋੜ ਸੀ,
ਉਸਨੇ ਹੀ ਉਨ੍ਹੀਂ ਵੰਡਿਆ,
ਸਭ ਦੀ ਰਹੀ ਮੈਂ ਅੰਤ ਪਰ,
ਕੋਈ ਸਹਾਰਾ ਨਈ।

ਅਗਨੀ ਪ੍ਰੀਖਿਆ ਲੈ ਰਿਹਾ,
ਸਦੀਆਂ ਤੋਂ ਕਿਉਂ ਹਰ ਮੋੜ ਤੇ,
ਕਿਸ ਤੇਰੇ ਗਮ ਵਿੱਚ ਮੈਂ,
ਦਿੱਤਾ ਸਹਾਰਾ ਨਈ।

ਰਹਿੰਦੀ ਹਾਂ ਧੰਨ ਬੇਗਾਨਾ
ਜਾਂ ਫਿਰ ਧੀ ਬੇਗਾਨੀ ਹੀ।
ਬਣਦਾ ਕਿਉਂ ਉਮਰ ਭਰ ਮੇਰਾ
ਕੋਈ ਦੁਆਰਾ ਨਈ।

•

# ਗ਼ਜ਼ਲ

ਲੱਗੀ ਦੇ ਬਿਨ ਲੱਗੀ ਦਾ ਗਮ ਜਾਣੇ ਕੌਣ ?
ਜੇਬ 'ਚ ਜੇ ਨਈ ਦਮੜਾ ਤਾਂ ਪਹਿਚਾਣੇ ਕੌਣ ?

ਜਿੱਥੇ ਹਾਲੇ ਸ਼ਹੀਦਾਂ ਦੀ ਕੋਈ ਕਦਰ ਪਈ ਨਾ,
ਉੱਥੇ ਦਿਲ ਦੀ ਮੋਈ ਸਧਰ ਨੂੰ ਜਾਣੇ ਕੌਣ ?

ਮੋਏ ਅਰਮਾਨਾਂ ਨਾਲ ਝੋਲੀ ਭਰ ਚੱਲੀ,
ਕੋਈ ਨਾ ਜੁੜਿਆ ਆਪਣਾ, ਆਏ ਮਕਾਣੇ ਕੌਣ ?

ਸੱਚ ਤੇ ਨੇਕੀ ਦੀ ਰਾਹ ਦਾ ਦੀਵਾਨਾ ਜੋ,
ਸੋਚੇ ਖੜਾ ਚੁਰੱਸਤੇ ਹੁਣ ਪਹਿਚਾਣੇ ਕੌਣ ?

ਝੂਠ ਦੇ ਚਾਰੋਂ ਕੋਨੇ ਸਭ ਨੇ ਮੱਲੇ ਨੇ,
ਪੈਂਦੀ ਕੌਣ ਤੇ ਸੱਚ ਦੇ ਖੜੇ ਸਰਾਹਣੇ ਕੌਣ ?

•

## ਗ਼ਜ਼ਲ

ਕੜੀ ਪ੍ਰੀਕਸ਼ਾ ਮਾਰਗ ਇਸਦਾ ਤਾਂ ਕੋਈ ਜਾਣੇ ਭੇਤ।
ਝੂਠ ਦੀ ਢੇਰੀ ਢਹਿੰਦੀ ਇਕ ਦਿਨ ਸੱਚ ਦੀ ਹੋਵੇ ਜੇਤ।

ਭੀੜ ਭਰੀ ਇਸ ਦੁਨੀਆਂ ਦੇ ਵਿੱਚ ਅਸੀਂ ਇਕੱਲੇ ਕਿਉਂਕਿ,
ਕਿਸੇ ਵੀ ਰਿਸ਼ਤੇ ਨੇ ਨਾ ਚਾਹਿਆ ਸਾਨੂੰ ਗਮਾਂ ਸਮੇਤ।

ਹਿਜ਼ਰ ਤੇਰੇ ਦਾ ਸਦਾ ਵਿਗੋਚਾ ਦਿਲ ਨੂੰ ਇਉਂ ਤੜਫਾਉਂਦਾ,
ਗਤੀ ਬਿਨਾਂ ਜਿਉਂ ਆਵਾਗਵਣ 'ਚ ਭਟਕੇ ਕੋਈ ਪ੍ਰੇਤ।

ਮੂੰਹ ਤੋਂ ਮਿੱਠੇ ਤੇ ਪਿੱਠ ਪਿੱਛੇ ਉਹ ਤਾਂ ਛੁਰੀ ਚਲਾਉਂਦੇ ਸੀ,
ਕਿੰਨੇ ਸਾਂ ਨਾਦਾਨ ਅਸੀਂ ਇਹ ਸਮਝ ਸਕੇ ਨਾ ਭੇਤ।

ਏਵੇਂ ਨੇ ਸਭ ਢੀਂਗਾਂ ਨਾ ਤੂੰ ਸੱਚ ਲਿਖਿਆ ਨਾ ਪੜ੍ਹਿਆ,
ਤੇਰੀ ਮੈਂ ਹੈ ਝੂਠੀ ਜਿੰਦੇ ਮੁੱਠੀ ਭਰ ਤੂੰ ਰੇਤ।

•

## ਗ਼ਜ਼ਲ

ਹਾਲੇ ਵੀ ਨਹੀਂ ਭੁਲਦੀ,
ਮੈਨੂੰ ਉਹ ਸ਼ਾਮ ਕਾਲੀ।
ਚਾਵਾਂ ਨੂੰ ਪਈਆਂ ਦੰਦਲਾਂ,
ਖੁਸ਼ੀਆਂ ਦੀ ਚਿਖਾ ਬਾਲ਼ੀ।

ਸੀਨੇ 'ਚ ਰਹੇ ਮਘਦੀ,
ਉਹ ਸ਼ਾਮ ਧਾਹਾਂ ਮਾਰੀ,
ਮੇਰੇ ਚਾਨਣੇ ਨੂੰ ਲੁੱਟਣ,
ਲੱਥੀ ਸੀ ਘਟਾ ਕਾਲੀ।

ਪਲ-ਪਲ ਨਿਰਾਸ਼ਾ ਢਾਹੁੰਦੀ,
ਪਲ-ਪਲ ਅਸੀਂ ਉਸਰਦੇ,
ਬੇਸ਼ੱਕ ਕਠਿਨ ਸੀ ਪੈਂਡਾ,
ਹਿੰਮਤ ਰਹੀ ਮਤਵਾਲੀ।

ਉਸ ਦੀ ਰਜ਼ਾ ਤੇ ਕਰਦੇ,
ਕਿੱਦਾਂ ਮਲਾਲ ਕੋਈ,
ਗੁਰਬਤ ਦੇ ਵਿੱਚ ਵੀ ਬਖਸ਼ੀ,
ਜਿਸਨੇ ਸਬਰ ਦੀ ਥਾਲੀ।

ਤਾਰੇ ਸੀ ਡੌਰ-ਭੌਰ ਤੇ
ਫੁੱਲਾਂ ਨੂੰ ਪਈਆਂ ਗਸ਼ੀਆਂ,
ਉਸ ਬਿਰਥ ਚੀਰ ਸੰਘਣਾ
ਕੀਤਾ ਸੀ ਡਾਲੀ-ਡਾਲੀ।

•

## ਗ਼ਜ਼ਲ

ਮਾਰੂਥਲ ਵਿੱਚ ਕਦੇ ਨਾ ਬਰਸਣ ਭਿੱਜੇ-ਭਿੱਜੇ ਸਾਵਣ।
ਹਰਜਾਈ ਸੱਜਣਾ ਦੇ ਸਦਕੇ ਜਿਉਂ ਸਧਰਾਂ ਮੁੱਕ ਜਾਵਣ।

ਕੋਠੇ 'ਤੇ ਨਿੱਤ ਚੂਰੀ ਪਾਵਾਂ ਕਾਂ ਖਾ ਕੇ ਉੱਡ ਜਾਵਣ,
ਹੋ ਗਏ ਨੇ ਕਮਚੋਰ ਸੁਨੇਹਾ ਸੱਜਣਾ ਨੂੰ ਨਾ ਲਾਵਣ।

ਪ੍ਰੀਤ ਨਗਰ ਤੇ ਜਦ ਵੀ ਬਿਰਹੋ ਦੇ ਜਮ ਵਾਣ ਚਲਾਵਣ
ਇਸ਼ਕ 'ਚ ਰੱਤਿਆਂ ਦੇ ਕਿੱਸੇ ਫਿਰ ਗੂੜ੍ਹੇ ਹੋ-ਹੋ ਜਾਵਣ।

ਸੱਚਾਈ ਦੇ ਪਾਂਧੀ ਨੇ ਜੋ ਕੂੜ ਤੋਂ ਕਦ ਘਬਰਾਵਣ,
ਮਰਨੋਂ ਮੂਲ ਨਾ ਡਰਦੇ ਬੇਸ਼ੱਕ ਸੂਲੀ ਤੇ ਚੜ੍ਹ ਜਾਵਣ।

ਤੇਰੇ ਬਾਝੋਂ ਕੀ ਖੁਸ਼ੀਆਂ ਕਦ ਦਿਲ ਸਾਡੇ ਨੂੰ ਭਾਵਣ,
ਚੌਹਾਂ ਪਾਸੇ ਬਿਰਹੋ ਛਾਈ ਅੱਖੀਓਂ ਬਰਸੇ ਸਾਵਣ।

•

# ਗ਼ਜ਼ਲ

ਰਾਹਾਂ ਦੀਆਂ ਮੁਸ਼ਕਿਲਾਂ ਤੋਂ ਕਦੋਂ ਘਬਰਾਉਂਦੇ ਨੇ।
ਮਿੱਥ ਲੈਂਦੇ ਟੀਚਾ ਜਿਹੜੇ ਮੰਜ਼ਿਲਾਂ ਉਹ ਪਾਉਂਦੇ ਨੇ।

ਜਿਹੜੇ ਲੋਕੀ ਜ਼ਿੰਦਗੀ 'ਚ ਪਿਆਰ ਨਹੀਓਂ ਵੰਡਦੇ,
ਜਿਉਣਾ ਕਾਹਦਾ ਉਹ ਤਾਂ ਐਵੇਂ ਉਮਰਾਂ ਬਿਤਾਉਂਦੇ ਨੇ।

ਸਾਡਾ ਤਾਂ ਪਿਆਰ ਜਾਂਦਾ ਉਨ੍ਹਾਂ ਤੋਂ ਵੀ ਵਾਰੇ-ਵਾਰੇ,
ਜਿਹੜੇ ਸਾਡੀ ਪਿੱਠ ਪਿੱਛੇ ਛੁਰੀਆਂ ਚਲਾਉਂਦੇ ਨੇ।

ਤੇਰ-ਮੇਰ-ਊਚ-ਨੀਚ, ਛੋਟਾ-ਵੱਡਾ ਕਹਿਣ ਵਾਲੇ,
ਮਰਕੇ ਕਿਉਂ ਹੋਰਾਂ ਵਾਂਗੂੰ ਰਾਖ ਬਣ ਜਾਂਦੇ ਨੇ।

ਉੱਚੀਆਂ ਅਟਾਰੀਆਂ ਤੇ ਮਹਿਲਾਂ ਵਿੱਚ ਰਹਿਣ ਵਾਲੇ,
ਖ਼ਫ਼ਾ ਨੇ ਕਿਉਂ ਕੁੱਲੀ ਸਾਡੀ ਕਾਨਿਆਂ ਦੀ ਢਾਹੁੰਦੇ ਨੇ?

•

# ਗ਼ਜ਼ਲ

ਬੇਸ਼ੱਕ ਸਾਡੇ ਜਾਣ ਤੇ ਸੋਗ ਨਾ ਮਨਾਈ ਤੂੰ।
ਰੋਂਦੀਆਂ ਪਰ ਨਜ਼ਮਾਂ ਨੂੰ ਸੀਨੇ ਨਾਲ ਲਾਈ ਤੂੰ।

ਮਾਰੂਥਲ ਦੀ ਰੇਤ ਅਸੀਂ ਜੂਝਣਾ ਤੂਫਾਨਾਂ ਨਾਲ,
ਸਾਡੇ ਲਈ ਨੈਣਾਂ ਵਾਲੇ ਮੋਤੀ ਨਾ ਗਵਾਈ ਤੂੰ।

ਗੁੰਮਨਾਮੀ ਨੂੰ ਤਾਂ ਅਸੀਂ ਡੀਕ ਲਾ ਕੇ ਪੀ ਲਿਐ,
ਸ਼ੋਹਰਤਾਂ ਨੂੰ ਕੌੜੀ ਵੇਲ ਵਾਂਗਰਾਂ ਵਧਾਈਂ ਤੂੰ।

ਕਿਹਦੇ ਹੱਥ ਆਈ ਹਵਾ, ਖੁਸ਼ਬੂ ਤੇ ਲੋਅ ਵੇ,
ਪਿੱਛੇ ਸਾਡੇ ਭਜਿਓ ਐਵੇਂ ਖਾਹਮਖਾਹ ਈ ਤੂੰ।

ਮਿਟ ਕੇ ਨਿਭਾਉਂਣੇ ਕੀਤੇ ਕੌਲ ਤੇ ਕਰਾਰ ਅਸਾਂ,
ਤੇਰੇ ਕੋਲ ਜ਼ਿੰਦਗੀ ਏ ਰੱਜ ਕੇ ਹੰਢਾਈ ਤੂੰ।

•

## ਗ਼ਜ਼ਲ

ਹਿਜ਼ਰ ਤੇਰੇ ਦੀ ਜਦ ਤੋਂ ਸੱਜਣਾ
ਕਰ ਲਈ ਹੈ ਪਰਿਕਰਮਾ।
ਮਿੱਟ ਗਈ ਤੜਪ ਯੁਗਾਂ ਤੋਂ ਲੱਗੀ,
ਰੂਹ ਨੂੰ ਮਿਲਿਆ ਠਰੱਮਾ।

ਤੇਜ਼ ਸਹਿਣ ਦੀ ਰੱਬ ਅੱਗੇ ਹੁਣ,
ਕਰਦੇ ਹਾਂ ਅਰਜ਼ੋਈ।
ਐਸਾ ਨੂਰ ਇਲਾਹੀ ਮਿਲਦਾ,
ਕਦੇ ਨਾ ਬਾਝੋਂ ਕਰਮਾਂ।

ਡੀਕ ਲਗਾ ਕੇ ਪੀ ਜਾਵਾਂ ਮੈਂ,
ਤਾਅ ਦੁਨੀਆਂ ਦਿਆਂ ਦਰਦਾਂ।
ਕਦੇ ਕਿਸੇ ਦੀਆਂ ਰੀਝਾਂ ਵਿੱਚ ਨਾ,
ਚੁੱਭੇ ਜ਼ਫਾ ਦਾ ਬਰਮਾ।

ਦਰਸ ਤੇਰੇ ਦੀ ਕਮਲੀ ਹੋ ਕੇ,
ਤੇਰਾ ਨਾਮ ਪੁਕਾਰਾਂ।
ਨੱਚਣ ਲੱਗ ਪਏ ਜਦ ਸੱਜਣਾ
ਘੁੰਢ ਦੀਆਂ ਕੀ ਸ਼ਰਮਾਂ।

ਨਾ ਮਹਿੰਦੀ ਦੀ ਲੋੜ ਰਹੀ ਹੁਣ,
ਨਾ ਹੈ ਡੋਲੀ ਬਹਿਣਾ।
ਪਿਆਰ ਤੇਰੇ ਦਾ ਧੁਰ ਤੋਂ ਲਿਖਿਆ,
ਪੜ੍ਹ ਬੈਠੇ ਹਾਂ ਕਲਮਾ।

•

## ਗ਼ਜ਼ਲ

ਸ਼ਰਮ-ਹਯਾ ਸਭ ਛਿੱਕੇ ਟੰਗੀ ਇਜ਼ਤ ਹੈ ਕੁਮਲਾਈ।
ਪਿਉ ਹੀ ਧੀ ਦੀ ਪੱਤ ਉਤਾਰੇ ਦੁਸ਼ਮਣ ਭਾਈ-ਭਾਈ।

ਚਾਰ ਕੁ ਦਮੜਿਆਂ ਬਦਲੇ ਜਿੱਥੇ ਵੇਚਣ ਲੋਕ ਜ਼ਮੀਰ,
ਖੁਦਾਰੀ ਮੇਰੇ ਦੇਸ਼ 'ਚ ਸਸਤੀ ਵਸਤਾਂ ਦੀ ਮਹਿੰਗਾਈ।

ਪਾਵਰ ਦੇ ਵਿੱਚ ਆ ਕੇ ਉਹੀ ਅੱਖੀਂ ਘੱਟਾ ਪਾਉਂਦੇ,
ਵੋਟਾਂ ਦੇ ਸੀਜਨ ਵਿੱਚ ਜਿਹੜੇ ਬਣ ਜਾਂਦੇ ਗੁਰ-ਭਾਈ।

ਭੋਲਾ-ਭਾਲਾ ਜਾਣਕੇ ਜਿਸਨੂੰ ਭੇਤੀ ਅਸੀਂ ਬਣਾਉਂਦੇ,
ਉਹੀ ਕੁਤਰੇ ਕੰਨ ਕਿਸੇ ਦਿਨ ਕਰ ਜਾਂਦਾ ਚਤੁਰਾਈ।

ਸੁਪਨਿਆਂ ਦੇ ਪੁੱਤ-ਪੋਤੇ ਕਿਸਨੇ ਵੇਖੇ ਨੇ ਹਲ ਵਾਹੁੰਦੇ,
ਗੱਲੀਂ-ਬਾਤੀਂ ਮਹਿਲ ਨਾ ਉਸਰਨ ਹੁੰਦੀ ਜਗਤ ਹਸਾਈ।

ਫੋਕੀ ਸ਼ਾਨ ਲਈ ਜਿਹੜੇ ਚਾਦਰੋਂ ਬਾਹਰੇ ਪੈਰ ਪਸਾਰਣ,
ਜੀਵਨ ਗੱਡੀ ਲੀਹੋਂ ਲਾਹੁਣ ਹੋ ਜਾਂਦੇ ਕਰਜ਼ਾਈ।

ਅੱਲੜ ਉਮਰੇ ਕੁੜੀਆਂ ਮੁੰਡੇ ਲੱਭਦੇ ਜੀਵਨ ਸਾਥੀ,
ਮਾਪਿਆਂ ਨੇ ਜਿਸ ਰੀਝ ਲਈ ਹੋਵੇ ਖਪ-ਖਪ ਉਮਰ ਬਿਤਾਈ।

ਕੋਠੀ ਕਾਰਾਂ ਖਾਤਿਰ ਵੇਚਣ ਲੱਗੇ ਲੋਕ ਜ਼ਮੀਨਾਂ,
ਇਕ ਦੂਜੇ ਦੀ ਰੀਸ ਹੈ ਜਾਂਦੀ ਦੀਮਕ ਬਣਕੇ ਖਾਈ।

•

## ਗ਼ਜ਼ਲ

ਤੂੰ ਯਾਦਾਂ ਮਿਟਾਵੇਂ ਇਹ ਤੇਰੀ ਅਦਾ।
ਮੈਂ ਦਿਲ 'ਚ ਵਸਾਵਾਂ ਇਹ ਮੇਰੀ ਅਦਾ।

ਤੂੰ ਖੁਦ ਨੂੰ ਜਤਾਵੇਂ ਇਹ ਤੇਰੀ ਅਦਾ।
ਮੈਂ ਖੁਦ ਨੂੰ ਮਿਟਾਵਾਂ ਇਹ ਮੇਰੀ ਅਦਾ।

ਵਫਾ ਤੂੰ ਭੁਲਾਵੇਂ ਇਹ ਤੇਰੀ ਅਦਾ।
ਮੈਂ ਮਰਕੇ ਨਿਭਾਵਾਂ ਇਹ ਮੇਰੀ ਅਦਾ।

ਤੂੰ ਮਹਿਫਿਲਾਂ 'ਚ ਹੱਸਦਾ ਇਹ ਤੇਰੀ ਅਦਾ।
ਮੈਂ ਦਰਦਾਂ ਨੂੰ ਚਾਹਵਾਂ ਇਹ ਮੇਰੀ ਅਦਾ।

ਤੂੰ ਫੁੱਲਾਂ ਨੂੰ ਮਿਧੇ ਇਹ ਤੇਰੀ ਅਦਾ।
ਮੈਂ ਪਲਕੀਂ ਛੁਹਾਵਾਂ ਇਹ ਮੇਰੀ ਅਦਾ।

ਤੂੰ ਵਿਸ਼ ਮਨ 'ਚ ਘੋਲੇਂ ਇਹ ਤੇਰੀ ਅਦਾ।
ਮੈਂ ਮੰਗਦੀ ਦੁਆਵਾਂ ਇਹ ਮੇਰੀ ਅਦਾ।

ਤੂੰ ਰੱਬ ਤੋਂ ਨਾ ਡਰਦਾ ਇਹ ਤੇਰੀ ਖਤਾ।
ਮੈਂ ਸੀਸ ਝੁਕਾਵਾਂ ਇਹ ਮੇਰੀ ਅਦਾ।

•

## ਨਜ਼ਮ

ਸੁੱਕਾ ਲੰਘ ਜਾਂਦਾ ਹੈ ਸਾਵਣ,
ਰੁਸ ਗਈਆਂ ਜਿਉਂ ਝੜੀਆਂ ਨੇ।
ਨਾ ਪਿੱਪਲ ਦੇ ਪੱਤ ਨਾ ਪੂੜੇ,
ਨਾ ਖੀਰਾਂ ਚੁੱਲ੍ਹੇ ਚੜ੍ਹੀਆਂ ਨੇ।

ਨੰਗੇ ਪੈਰੀਂ ਧੁੱਪ ਹੰਢਾ ਕੇ,
ਸਿਰ ਦੀਆਂ ਛਾਵਾਂ ਬਣੀਆਂ ਨੇ,
ਕਿਸੇ ਮਹਿਲ ਤੋਂ ਘੱਟ ਨਹੀਂ,
ਜੋ ਮੇਰੇ ਘਰ ਦੀਆਂ ਕੜੀਆਂ ਨੇ।

ਥੱਕਣ ਨੈਣ ਨਿਹਾਰ ਕੇ ਰਸਤਾ,
ਸ਼ਹਿਰ ਤੇਰੇ ਦੀ ਰੀਤ ਹੋਏਗੀ,
ਖੁਦ ਨੂੰ ਨੈਣ ਬਣਾ ਕੇ ਉਡੀਕਣ,
ਪਿੰਡ ਮੇਰੇ ਦੀਆਂ ਗਲੀਆਂ ਨੇ।

ਰੂਹ ਮਾਰੂਥਲ ਵਿੱਚ ਤਪਾ ਕੇ,
ਨੈਣਾਂ ਚੋਂ ਸਾਗਰ ਛਲਕਾ ਕੇ,
ਤੈਨੂੰ ਸ਼ਰਧਾ ਨਾਲ ਨੇ ਅਰਪਣ,
ਇਹ ਨਜ਼ਮਾਂ ਜੋ ਘੜੀਆਂ ਨੇ।

ਇਕੋ ਅਲਫ ਜੋ ਮੁਕਤ ਕਰਾਵੇ,
ਜਨਮਾਂ ਦਾ ਪੈਂਡਾ ਮੁਕ ਜਾਵੇ,
ਸਮਝੇ ਪਰ ਸੰਦੇਸ਼ ਕੋਈ ਨਾ,
ਢੇਰ ਕਿਤਾਬਾਂ ਪੜ੍ਹੀਆਂ ਨੇ।

•

## ਨਜ਼ਮ

ਵਹਿੰਗੀ ਵਿੱਚ ਨਾ ਭਾਵੇਂ ਬਿਠਾਇਓ,
ਚਾਰੋਂ ਧਾਮ ਨਾ ਭਾਵੇਂ ਘੁੰਮਾਇਓ
ਮਮਤਾ ਤੇ ਨਾ ਹਾੜਾ ਪਰ ਕੋਈ ਵਾਰ ਕਰੋ।
ਮਾਪੇ ਹੁੰਦੇ ਰੱਬ ਵਰਗੇ ਨਾ ਰੱਬ 'ਤੇ ਅੱਤਿਆਚਾਰ ਕਰੋ।

ਮਾਪਿਆਂ ਦੀ ਨਾ ਵੰਡੀ ਪਾਓ
ਘਰਾਂ ਨੂੰ ਨਾ ਪ੍ਰਦੇਸ ਬਣਾਓ
ਜਿੱਥੇ ਚਾਅ ਨਾਲ ਰਹਿਣਾ ਚਾਹੁੰਣ
ਮੰਦਰ ਮੰਨ ਸਵੀਕਾਰ ਕਰੋ।
ਮਾਪੇ ਹੁੰਦੇ ਰੱਬ ਵਰਗੇ ਨਾ ਰੱਬ 'ਤੇ ਅੱਤਿਆਚਾਰ ਕਰੋ।

ਯਾਦ ਕਰੋ ਉਹ ਵੇਲਾ ਮਾਪੇ ਮੋਢੇ ਚੁੱਕ ਖਿਡਾਉਂਦੇ ਸੀ,
ਮੂੰਹੋਂ ਕੱਢ-ਕੱਢ ਬੁਰਕੀ ਪਹਿਲਾਂ ਸਾਡੀ ਭੁੱਖ ਮਿਟਾਉਂਦੇ ਸੀ
ਮਿੱਠੇ ਬੋਲ ਦੋ ਚਾਹੁੰਣ ਭੋਰਾ ਪਿਆਰ ਕਰੋ।
ਮਾਪੇ ਹੁੰਦੇ ਰੱਬ ਵਰਗੇ ਨਾ ਰੱਬ 'ਤੇ ਅੱਤਿਆਚਾਰ ਕਰੋ।

ਰੱਬ ਨੂੰ ਪਾਉਣ ਲਈ ਤਾਂ ਖੁਦ ਹੀ ਤੁਰਨਾ ਪੈਂਦਾ ਹੈ,
ਸੁਰਤ ਨੂੰ ਉਸਦੀ ਯਾਦ 'ਚ ਗੂੜ੍ਹਾ ਜੁੜਨਾ ਪੈਂਦਾ ਹੈ,
ਮਾਪਿਆਂ ਨੂੰ ਕਿਉਂ ਦਰ-ਦਰ ਫੇਰ ਘੁੰਮਾਉਂਦੇ ਹਾਂ।
ਭਾਰ ਸਮਝ ਕੇ ਵਾਰੋ-ਵਾਰ ਵੰਡਾਉਂਦੇ ਹਾਂ,
ਬਿਨਾਂ ਸਵਾਰਥ ਕੋਈ ਤਾਂ ਇਕਰਾਰ ਕੋਰ
ਮਾਪੇ ਹੁੰਦੇ ਰੱਬ ਵਰਗੇ ਨਾ ਰੱਬ 'ਤੇ ਅੱਤਿਆਚਾਰ ਕਰੋ।

ਮਾਪਿਆਂ ਨੂੰ ਤਾਂ ਸਾਰੀ ਔਲਾਦ ਪਿਆਰੀ ਹੁੰਦੀ ਹੈ,
ਸਭਨਾਂ ਤੋਂ ਹੀ ਜੀਵਨ ਪੂੰਜੀ ਵਾਰੀ ਹੁੰਦੀ ਹੈ,
ਬੁੱਢੇ ਜਦ ਅਸੀਂ ਹੋ ਜਾਵਾਂਗੇ,
ਆਪਣੀ ਔਲਾਦ ਤੋਂ ਕੀ ਚਾਹਵਾਂਗੇ,
ਹਸ਼ਰ ਬੁਰਾ ਨਾ ਹੋਵੇ ਰਤਾ ਵਿਚਾਰ ਕਰੋ।
ਮਾਪੇ ਹੁੰਦੇ ਰੱਬ ਵਰਗੇ ਨਾ ਰੱਬ 'ਤੇ ਅੱਤਿਆਚਾਰ ਕਰੋ।

•

## ਨਜ਼ਮ

ਕਿੱਦਾਂ ਭੁਲਾਇਆ ਹਊ ਹਾਏ ਉਹ ਦਰਦ ਤੂੰ।
ਸੀਨੇ ਵਿੱਚ ਸਾਂਭੀ ਹਊ ਕਿੱਦਾਂ ਤਿੱਖੀ ਕਰਦ ਤੂੰ।
ਅੱਖਾਂ ਸਾਹਵੇਂ ਜ਼ਿੰਦਗੀ ਜੋ ਖ਼ੁਆਬ ਹੋ ਗਈ,
ਖ਼ੁਆਬ ਵੀ ਨਾ ਹੋਈ ਨੀਰੀ ਖਾਕ ਹੋ ਗਈ,
ਕਿੱਦਾਂ ਨਿਭਾਇਆ ਹਊ ਤਾਂ ਵੀ ਹਰ ਫਰਜ਼ ਤੂੰ
ਕਿੱਦਾਂ ਭੁਲਾਇਆ ਹਊ .....।

ਅੱਖੀਆਂ 'ਚ ਹੋਣੀਆਂ ਨੇ ਹਾਲੇ ਵੀ ਉਹ ਗਲੀਆਂ,
ਹੱਸਦੇ ਗੁਲਾਬ ਕਿਤੇ ਖਿੜ ਰਹੀਆਂ ਕਲੀਆਂ,
ਕਿੱਦਾਂ ਹਾਏ ਪਾਇਆ ਹਊ ਯਾਦਾਂ ਉੱਤੇ ਗਰਦ ਤੂੰ
ਕਿੱਦਾਂ ਭੁਲਾਇਆ ਹਊ .....।

ਖਿਆਲਾਂ ਵਿੱਚ ਰਹਿੰਦਾ ਹੋਣੈ ਅੱਜ ਵੀ ਜਹਾਨ ਉਹ,
ਕਹਿਰ ਜਿਹਨੂੰ ਖਾ ਗਿਆ, ਸੀ ਰੱਜ ਕੇ ਜਵਾਨ ਜੋ,
ਕਿਸਨੂੰ ਸੁਣਾਈ ਹਊ ਆਪਣੀ ਇਹ ਅਰਜ਼ ਤੂੰ
ਕਿੱਦਾਂ ਭੁਲਾਇਆ ਹਊ .....।

ਰਹਿ-ਰਹਿ ਤੈਨੂੰ ਇਹੋ ਖਿਆਲ ਸਤਾਉਂਦਾ ਹਊ।
ਕਿਉਂ ਸੀ ਮੈਂ ਜਾਣਾ ਪਾਸੇ ਮਨ ਪਛਤਾਉਂਦਾ ਹਊ।
ਕਿੱਦਾਂ ਸਹਾਰਿਆ ਹਊ ਕੱਲਿਆਂ ਉਹ ਹਰਜ਼ ਤੂੰ।
ਕਿੱਦਾਂ ਭੁਲਾਇਆ ਹਊ ਹਾਏ ਉਹ ਦਰਦ ਤੂੰ।

•

# ਨਜ਼ਮ

ਦੁਨੀਆਂ 'ਚ ਦੇਖ ਐਨਾ ਕੂੜ ਦਾ ਪਸਾਰਾ
ਲਾਜ਼ਮੀ ਸੀ ਆਉਣਾ ਤੇਰਾ ਮੁੜਕੇ ਦੁਬਾਰਾ
ਰਿਹਾ ਨਹੀਓਂ ਸ਼ਾਇਦ ਹੁਣ ਲਾਲੋ ਕੋਈ ਬਾਕੀ
ਕਿਹਦੇ ਹੱਕਾਂ ਦੀ ਤੂੰ ਆ ਕੇ ਕਰੇਂ ਬਾਬਾ ਰਾਖੀ ?

ਹਰ ਕੋਈ ਚਾਹੇ ਵੱਡਾ ਅਹੁਦੇਦਾਰ ਬਣਨਾ
ਮਾਵਾਂ ਵੀ ਨਾ ਚਾਹੁੰਦੀਆਂ ਮਨੁੱਖ ਬਸ ਜਣਨਾ
ਇਨਸਾਨੀਅਤ ਦਾ ਨਾ ਮੁੱਲ ਰਿਹਾ ਬਾਕੀ
ਕਿਹਦੇ ਹੱਕਾਂ ਦੀ ਤੂੰ ਆ ਕੇ ਕਰੇਂ ਬਾਬਾ ਰਾਖੀ ?

ਛੱਡਣੇ ਸੀ ਪੰਜ ਜੋ ਵਿਕਾਰ ਅਸੀਂ ਭੁੱਲ ਗਏ,
ਮੋਹ ਤੋਂ ਹਾਂ ਕੋਰੇ ਬਾਕੀ ਚਾਰਾਂ ਵਿੱਚ ਰੁੱਲ ਗਏ,
ਹੰਕਾਰ, ਕਰੋਧ, ਲੋਭ ਜਿੰਦ ਕਾਮ 'ਚ ਗੁਆਚੀ
ਕਿਹਦੇ ਹੱਕਾਂ ਦੀ ਤੂੰ ਆ ਕੇ .....?

ਚੋਰੀ, ਠੱਗੀ, ਝੂਠ, ਪਾਪ ਰੱਜ ਕੇ ਜੁਆਨ ਹੋਇਆ
ਭੈੜ ਤੇ ਵਿਕਾਰਾਂ ਨਾਲ ਮੱਲਿਆ ਜਹਾਨ ਹੋਇਆ
ਸੱਚਿਆਂ ਤੇ ਚੱਲ ਰਹੀ ਝੂਠਿਆਂ ਦੀ ਲਾਠੀ।
ਕਿਹਦੇ ਹੱਕਾਂ ਦੀ ਤੂੰ ਆ ਕੇ .....?

ਹੱਕ ਦੀ ਕਮਾਈ ਦਾ ਨਾ ਰਿਹਾ ਦਸਵੰਦ ਜੀ
ਰਿਸ਼ਵਤਾਂ ਦਾ ਧਨ ਪਾਉਂਦਾ ਚਾਰੋਂ ਪਾਸੇ ਡੰਡ ਜੀ,
ਮਿਹਨਤ ਮੁੱਸ਼ਕਤ ਹੈ ਭੁੱਖੀ ਤੇ ਪਿਆਸੀ
ਕਿਹਦੇ ਹੱਕਾਂ ਦੀ ਤੂੰ .....।

ਕਿਤੇ ਪੱਤ ਲੁੱਟੀ ਜਾਵੇ ਮੁੱਠੀ ਵਿੱਚ ਜਾਨ ਹੈ
'ਸੋ ਕਿਉਂ ਮੰਦਾ ਆਖੀਐ' ਨੂੰ ਭੁੱਲਿਆ ਜਹਾਨ ਹੈ
ਧੀਆਂ ਲਈ ਤੂੰ ਫੇਰ ਬਾਬਾ ਕਰਜਾ ਉਦਾਸੀ।
ਕਿਹਦੇ ਹੱਕਾਂ ਦੀ ਤੂੰ ਆ ਕੇ ਕਰੇਂ ਬਾਬਾ ਰਾਖੀ ?

•

## ਨਜ਼ਮ

ਹੈਰਾਨ ਹਾਂ ਤੇ ਖੁਸ਼ ਵੀ,
ਚਿੜੀਆਂ ਦੇ ਹੌਸਲੇ ਤੋਂ।
ਕਾਵਾਂ ਦੇ ਨਾਲ ਰਲ ਕੇ ਨੇ,
ਚੋਗ ਚੁਗਣ ਆਉਂਦੀਆਂ।

ਕਾਵਾਂ ਨੂੰ ਆਈ ਸੋਝੀ
ਧੋਖਾ ਨਹੀਂ ਹੈ ਕਰਨਾ
ਕੀਤਾ ਸੀ ਜਦੋਂ ਲਾਲਚ
ਉਦੋਂ ਪੈ ਗਿਆ ਸੀ ਮਰਨਾ।

ਲਗਦਾ ਹੈ ਪੰਛੀਆਂ ਵਿੱਚ
ਉਹ ਸਾਰਾ ਭਰ ਗਿਆ ਹੈ।
ਸੀਨੇ 'ਚ ਆਦਮੀ ਦੇ
ਜੋ ਪਿਆਰ ਮਰ ਗਿਆ ਹੈ।

•

## ਨਜ਼ਮ

ਦਿਲ ਦੀ ਰੀਝ ਜਦੋਂ ਵੀ ਸੱਜਣਾ
ਮੇਰੀ ਕਦੇ ਜ਼ੁਬਾਨ 'ਤੇ ਆਈ।
ਤੇਰੀ ਨਜ਼ਰ ਦੇ ਤੀਰ ਵੀ ਝੱਲੇ,
ਹਾਮੀ ਤੋਂ ਵੀ ਰਹੀ ਤਿਹਾਈ।

ਮਿਲਕੇ ਤੇਰੇ ਨਾਲ ਚੱਲਣ ਦੀ
ਹਰ ਕੋਸ਼ਿਸ਼ ਨਾਕਾਮ ਰਹੀ ਹੈ
ਸੋਚ ਉਸਾਰੂ ਸਾਡੀ ਸੱਜਣਾ
ਕਿਉਂਕਿ ਤੈਨੂੰ ਰਾਸ ਨਾ ਆਈ।

ਫੇਰ ਵੀ ਮੈਂ ਤਾਂ ਜੀਅ ਹੀ ਲੈਂਦੀ
ਮਾਰਕੇ ਆਪਣੇ ਅਰਮਾਨਾਂ ਨੂੰ।
ਦੋਸ਼ ਹੈ ਐਨਾ ਕੁਖ 'ਚੋਂ ਧੀ ਨੂੰ
ਤੇਰੇ ਆਖੇ ਮਾਰ ਨਾ ਪਾਈ।

•

## ਨਜ਼ਮ

ਜ਼ੁਲਮ ਦੀ ਹੈ ਇੰਤਹਾ
ਬਹੁੜੀਂ ਵੇ ਬਾਜ਼ਾਂ ਵਾਲਿਆ।
ਚਿੜੀਆਂ ਕਿਸੇ ਨੂੰ ਭਾਉਂਦੀਆਂ,
ਹੁਣ ਫੇਰ ਇਥੇ ਡਾਲ ਨਾ।

ਰੰਜਿਸ਼ ਮਿਲੇ, ਧੋਖਾ ਮਿਲੇ,
ਫਿਰ ਹਾਰ ਤੇ ਹੋਏ ਖੁਆਰ ਵੀ,
ਐਸੇ ਡਰੋਂ ਹੀ ਸੱਚ ਨੂੰ
ਕੋਈ ਚਾਹੁੰਦਾ ਨਈ ਅੱਜ ਪਾਲਣਾ।

ਬਿਰਖਾਂ ਤੇ ਆਰੀ ਚੱਲਦੀ
ਟਹਿਣੇ ਹੀ ਕਰਦੇ ਸਾਜ਼ਿਸ਼ਾਂ।
ਸਹਿਮੇ ਪਰਿੰਦੇ ਭਟਕਦੇ
ਕਿੱਥੇ ਵਣਾਵਣ ਆਲ੍ਹਣਾ।

ਤੇਰੀ ਓਟ ਤੱਕਦੇ ਮਾਲਕਾ
ਸੱਚ ਦੇ ਹਾਂ ਪਾਂਧੀ ਹੋ ਤੁਰੇ।
ਇਸ ਜੱਗ ਵਿਚਲੇ ਕੁਫਰ ਦੀ
ਸਾਥੋਂ ਹੋਈ ਨਾ ਪਾਲਣਾ।

ਪੀਲਾਂਗੇ ਵਿਸ਼ ਦਾ ਪਿਆਲਾ ਵੀ,
ਹੁਣ ਸੂਲੀ ਵੀ ਮਨਜ਼ੂਰ ਹੈ।
ਇਸ ਖਾਕ ਦੀ ਪ੍ਰਵਾਹ ਨਹੀਂ, ਅਸੀਂ
ਰੂਹ ਨੂੰ ਹੈ ਨਿਖਾਰਨਾ।

•

## ਨਜ਼ਮ

ਤੇਰੇ ਦੀਦ ਦੀ ਝਲਕ ਦੀ ਤੜਪ ਲੈ ਕੇ,
ਕਿੰਨੇ ਜਨਮਾਂ ਤੋਂ ਜ਼ਿੰਦਗੀ ਹੈ ਸਫਰ ਅੰਦਰ।
ਹਾੜਾ ਜ਼ੱਰੇ ਨੂੰ ਬਖਸ਼ ਦੇ ਮੇਲ ਦਾਤਾ,
ਔਖਾ ਹਿਜ਼ਰ ਦਾ ਹੋਇਆ ਹੁਣ ਸਹਿਣਾ ਮੰਜ਼ਰ।

ਤੇਰੇ ਦਰ ਦੀ ਮੈਂ ਐਸੀ ਮਸਕੀਨ ਹੋਵਾਂ,
ਰਹੇ ਰੂਹ 'ਚ ਨਾ ਸੂਖਮ ਹੰਕਾਰ ਕੋਈ।
ਨਾਮ ਤੇਰੇ ਦਾ ਮਨ ਵਿੱਚ ਨਾਦ ਗੂੰਜੇ,
ਹੋਵੇ ਦੂਸਰਾ ਕੋਈ ਨਾ ਸਾਜ਼ ਅੰਦਰ।

ਜਿਹਦੀ ਜਾਤ ਨੂੰ ਤੂੰ ਕੰਵਲ ਦਾ ਦਾਨ ਬਖਸ਼ੇਂ,
ਛੂਹ ਸਕਦੀ ਵਿਕਾਰਾਂ ਦੀ ਗੰਦਗੀ ਨਾ।
ਜਿਹਦੇ ਹਿਰਦੇ 'ਚ ਨਾਮ ਤੇਰਾ ਵੱਸ ਜਾਵੇ,
ਵਾਂਗ ਤੀਰਥਾਂ ਦੇ ਹੁੰਦਾ ਉਹਦਾ ਮਨ ਮੰਦਰ।

ਤੇਰੀਆਂ ਰਹਿਮਤਾਂ ਤੇ ਬਖਸ਼ਿਸ਼ਾਂ ਦੇ ਨਾਲ ਦਾਤਾ,
ਭਾਵੇਂ ਕੰਢਿਆਂ ਦੇ ਤੀਕ ਹਾਂ ਮੈਂ ਭਰੀ ਹੋਈ।
ਤੇਰੀ ਦੀਦ ਦੀ ਜੇ ਨਦਰ ਸਵੱਲੀ ਬਰਸੇ,
ਠਰ ਜਾਵੇ ਮੇਰਾ ਤੜਪਦਾ ਮਨ ਮੰਦਰ।

•

## ਨਜ਼ਮ

ਜਨਮ ਜਨਮ ਦੇ ਸਾਥ ਦਾ ਮਨ ਵਿੱਚ,
ਧਾਰ ਲਿਆ ਸੀ ਮਤਾ ਅਸੀਂ।
ਜਾਨ ਜੇ ਮੰਗਦਾ ਹਾਜ਼ਰ ਕਰਦੇ,
ਦੇਰ ਨਾ ਲਾਉਂਦੇ ਰਤਾ ਅਸੀਂ।

ਕੀ ਪਤਾ ਸੀ ਕਰ ਰਹੇ ਸੀ,
ਬੇਵਫਾ ਨਾਲ ਵਫਾ ਅਸੀਂ।
ਹੱਸਦਾ ਹੋਣੈ ਉਹ, ਕਰ ਬੈਠੇ,
ਖੂਬਸੂਰਤ ਖਤਾ ਅਸੀਂ।

ਕੀ ਕਰੀਏ ਹੁਣ ਆਪਣੇ ਲੈ ਗਏ,
ਪੈਰਾਂ ਹੇਠੋਂ ਜਦੋਂ ਜ਼ਮੀਨ।
ਗੈਰਾਂ ਦੇ ਸਿਤਮਾਂ ਦੇ ਫੱਟ ਖਾ,
ਸੰਭਲੇ ਸਾਂ ਹਾਲੇ ਰਤਾ ਅਸੀਂ।

ਗੈਰਾਂ ਦੇ ਆਖੇ ਲੱਗਕੇ ਤੂੰ
ਤੋੜ ਦਿਲਾਂ ਦੀ ਸਾਂਝ ਗਿਆ
ਤੇਰੀ ਖੁਸ਼ੀ ਲਈ ਸਦਾ ਗਵਾਇਆ
ਬੇਸ਼ੱਕ ਆਪਣਾ ਨਫਾ ਅਸੀਂ।

ਸਾਜ਼ਿਸ਼ ਤਹਿਤ ਤੂੰ ਸਾਨੂੰ ਮਿਲਿਆ
ਵਰਨਾ ਤੂੰ ਤਾਂ ਸੌਦਾਗਰ ਸੈਂ
ਧਿਆ ਕੇ ਰੱਬ ਵਾਂਗੂੰ ਕਰਦੇ ਸਾਂ
ਨਾਮ ਤੇਰੇ ਦਾ ਨਸ਼ਾ ਅਸੀਂ।

ਅੱਖੀਆਂ ਵਿੱਚੋਂ ਇੰਝ ਨਾ ਵਹਿੰਦੇ,
ਸੁਪਨੇ ਤੇ ਅਰਮਾਨ ਸ਼ਿੰਗਾਰੇ।
ਨੀਅਤ ਤੇਰੀ ਦਾ ਜੇਕਰ ਕਰਦੇ,
ਸੱਜਣਾ ਪਹਿਲੋਂ ਪਤਾ ਅਸੀਂ।

•

## ਨਜ਼ਮ

ਨੈਣਾਂ ਚੋਂ ਰਿਸ-ਰਿਸ ਕੇ ਵਹਿ ਗਏ
ਸੋਹਲ ਕੁਆਰੇ ਚਾਅ
ਦੋ ਦੀਦੇ ਹੁਣ ਖੰਡਰ ਹੋ ਗਏ
ਲਹਿ ਲਹਿ ਗਿਆ ਖਰੂੰਡ

ਸੱਜਣਾ ਤੋਂ ਫੱਟ ਖਾ ਕੇ ਹੋ ਗਈ
ਬੇਸ਼ੱਕ ਰੂਹ ਵੀ ਪੀਲੀ
ਬਿਰਹੋ ਦਾ ਜਮ ਤਨ ਨੂੰ ਖਾ ਗਿਆ
ਜੋਕਾਂ ਵਾਂਗੂੰ ਚੂੰਡ।

ਇਸ਼ਕ ਹਿਜਰ ਦੇ ਵਿਹੜੇ ਆ ਜਾਣ
ਫਿਰ ਤੋਂ ਝੂਮ ਬਹਾਰਾਂ
ਪਾਕ ਮੁਹੱਬਤ ਦੀ ਜੇ ਬਰਸੇ
ਮੋਹ ਨਾਲ ਭਿੱਜੀ ਬੂੰਦ।

•

## ਰੱਖੜੀ (ਗੀਤ)

ਸੋਨੇ ਚਾਂਦੀ ਦੀ ਰੱਖੜੀ ਤਾਂ ਲੱਗਦੀ ਨਿਰ੍ਹਾ ਵਪਾਰ।
ਧਾਂਗਿਆਂ ਦੇ ਵਿੱਚ ਗੁੰਦਿਆ ਕਾਹਤੋਂ ਹੁਣ ਨਾ ਲੱਭਦਾ ਪਿਆਰ।
ਤੋਹਫੇ ਹੋ ਗਏ ਮਹਿੰਗੇ, ਰਿਸ਼ਤੇ ਸਸਤੇ ਹੋ ਗਏ ਨੇ,
'ਕੱਠੇ ਤੁਰਦਿਆਂ ਦੇ ਵੱਖੋ-ਵੱਖ ਰਸਤੇ ਹੋ ਗਏ ਨੇ,
ਰੱਖੜੀ ਤਾਂ ਬਜ਼ਾਰੋਂ ਮਿਲ ਜੂ ਪਿਆਰ ਨਾ ਮਿਲੇ ਬਜ਼ਾਰ।
ਧਾਂਗਿਆਂ ਦੇ ਵਿੱਚ ਗੁੰਦਿਆ ਕਾਹਤੋਂ.....

ਜਾਇਦਾਦਾਂ ਲਈ ਟੁਟਣ ਲੱਗੀ, ਇਸ ਰਿਸ਼ਤੇ ਦੀ ਡੋਰੀ,
ਕਿਧਰੇ ਵੀਰੇ ਅੱਖੀਆਂ ਫੇਰਨ ਕਿਧਰੇ ਭੈਣ ਹੋਈ ਕੋਰੀ।
ਇਕ ਲਹੂ ਦੀ ਸਾਂਝ ਵਾਲਾ ਕਿਉਂ ਵਿਸਰ ਗਿਆ ਸੰਸਾਰ।
ਧਾਗਿਆਂ ਦੇ ਵਿੱਚ ਗੁੰਦਿਆ ਕਾਹਤੋਂ.....

ਬਚਪਨ ਦੇ ਵਿੱਚ ਬੇਬੇ ਦੱਸਦੀ ਸੀਗੀ ਗੱਲ ਪੁਰਾਣੀ
ਪੇਕੇ ਆਈ ਭੈਣ ਦੀ ਜਦ ਵੀਰਾਂ ਨੇ ਕਦਰ ਨਾ ਜਾਣੀ
ਦਿੰਦੀ ਗਈ ਦੁਆਵਾਂ ਖੇਤੋਂ ਮੁੜ ਗਈ ਪੀ ਕੇ ਪਾਣੀ
ਅੰਮ੍ਰਿਤ ਵਰਗਾ ਲੱਗਿਆ ਕਹਿੰਦੀ ਦਿੱਤਾ ਸੀਨਾ ਠਾਰ
ਧਾਂਗਿਆਂ ਦੇ ਵਿੱਚ ਗੁੰਦਿਆ ਕਾਹਤੋਂ.....

ਵੀਰੇ ਤਾਂ ਹੁੰਦੇ ਭੈਣਾਂ ਲਈ ਸਾਰੀ ਉਮਰ ਦੇ ਮਾਪੇ,
ਇਹ ਰਿਸ਼ਤਾ ਅਣਮੋਲ ਹੈ ਇਸਦਾ ਮੁੱਲ ਕੋਈ ਨਾ ਜਾਪੇ,
ਹਿੱਸੇ ਲੈ ਕੇ ਸਬਕ ਸਿਖਾਉਣ ਦਾ ਚੰਗਾ ਨਹੀਂ ਵਿਚਾਰ।
ਧਾਂਗਿਆਂ ਦੇ ਵਿੱਚ ਗੁੰਦਿਆ ਕਾਹਤੋਂ.....

ਕੁਝ ਭੈਣਾਂ ਪਰ ਰੱਬ ਤੋਂ ਮੰਗਣ ਵੀਰਾਂ ਲਈ ਦੁਆਵਾਂ,
ਕੁਝ ਵੀਰੇ ਵੀ ਭੈਣਾਂ ਨੂੰ ਨੇ ਹੱਥੀਂ ਕਰਦੇ ਛਾਵਾਂ,
ਇਹਨਾਂ ਦੇ ਹੀ ਸਦਕੇ ਆਉਂਦਾ ਮੁੜ-ਮੁੜ ਇਹ ਤਿਉਹਾਰ।
ਧਾਂਗਿਆਂ ਦੇ ਵਿੱਚ ਗੁੰਦਿਆ ਕਾਹਤੋਂ.....

•

# ਪਿੰਡ

ਖਿਆਲਾਂ ਦੇ ਵਿੱਚ ਦਿਸਦਾ ਏ ਨਿੱਤ,
ਮੈਨੂੰ ਮੇਰਾ ਗਰਾਂ।
ਇਕ ਪਲ ਦੇ ਲਈ ਯਾਦ ਨਾ ਉਸਦੀ
ਦਿਲ ਤੋਂ ਹੋਏ ਪਰਾਂ।

ਪਿੰਡ ਤਾਂ ਅੱਜ ਵੀ ਆਪਣਾ
ਆਪਣੇ ਬੇਸ਼ੱਕ ਹੋਏ ਬੇਗਾਨੇ।
ਖੁਸ਼ੀਆ ’ਤੇ ਜੋ ਵਿੰਨ ਕੇ ਰੱਖਦੇ,
ਚੱਤੋ ਪਹਿਰ ਨਿਸ਼ਾਨੇ।
ਰੂਹ ਵੀ ਹੋ ਗਈ ਜ਼ਖਮੀਂ ਹੁਣ ਮੈਂ ਕਿੱਥੇ ਫੱਟ ਜਰਾਂ।
ਖਿਆਲਾਂ ਦੇ ਵਿੱਚ .....।

ਗੈਰਾਂ ਦੇ ਨਾਲ ਮਿਲਕੇ ਆਪਣੇ,
ਐਸੇ ਤੀਰ ਚਲਾਉਂਦੇ ਨੇ,
ਅੰਬਰ ਤੇ ਉੱਡਦੇ ਹੋਏ ਮਨ ਨੂੰ,
ਧਰਤੀ ਤੇ ਪਟਕਾਉਂਦੇ ਨੇ,
ਖੇਰੂੰ-ਖੇਰੂੰ ਆਸ ਦੇ ਪਰ ਮੈਂ ’ਕੱਠੇ ਨਿੱਤ ਕਰਾਂ।
ਖਿਆਲਾਂ ਦੇ ਵਿੱਚ .....।

ਐਸਾ ਨਈ ਕਿ ਮਿਲੀਆਂ ਸਾਨੂੰ
ਉਥੇ ਨਹੀਂ ਬਹਾਰਾਂ,
ਫੁੱਲਾਂ ਦੇ ਨਾਲ ਹੁੰਦੀਆਂ ਨੇ ਜੀ,
ਮੁੱਢਾਂ ਤੋਂ ਹੀ ਖਾਰਾਂ,
’ਸੀਸ ਕਿਸੇ ਦੀ ਹਰ ਮੁਸ਼ਕਿਲ ਨੂੰ ਅੱਜ ਵੀ ਕਰੇ ਪਰਾਂ।
ਖਿਆਲਾਂ ਦੇ ਵਿੱਚ .....।

ਆਪਣੇ ਪਿੰਡ ਦੇ ਮੇਲੇ ਬੇਸ਼ੱਕ,
ਹੁਣ ਨਾ ਸਾਨੂੰ ਫੱਬਦੇ ਨੇ।
ਗਮਾਂ 'ਚ ਸ਼ਾਮਿਲ ਹੋਣੋ ਐਪਰ,
ਇਹ ਨੈਣਾਂ ਨਾ ਭੱਜਦੇ ਨੇ।
ਵਿਛੜ ਗਿਆਂ ਦੀ ਯਾਦ ਦਾ ਦੀਵਾ ਸੀਨੇ ਬਾਲ ਧਰਾਂ।
ਖਿਆਲਾਂ ਦੇ ਵਿੱਚ ......।

ਆਪਣੇ ਪਿੰਡ ਦੇ ਲਈ ਨੇ ਦਿੱਲ ਵਿੱਚ
ਭਰੀਆਂ ਢੇਰ ਦੁਆਵਾਂ
ਨੇਕੀ ਦੇ ਵਿੱਚ ਬਰਕਤ ਹੋਵੇ,
ਮੋਹ ਦੀਆਂ ਪਰਤਣ ਛਾਵਾਂ,
ਰੱਬ ਅੱਗੇ ਨਿੱਤ ਹੱਥ ਜੋੜ ਮੈਂ ਇਹੀ ਅਰਜ਼ ਕਰਾਂ।
ਖਿਆਲਾਂ ਦੇ ਵਿੱਚ ਦਿਸਦਾ ਏ ਨਿੱਤ ਮੈਨੂੰ ਮੇਰਾ ਗਰਾਂ।
ਇਕ ਪਲ ਦੇ ਲਈ ਯਾਦ ਨਾ ਉਸਦੀ ਦਿਲ ਤੋਂ ਹੋਏ ਪਰਾਂ।

•

## ਬਚਪਨ

ਜੀਅ ਕਰਦੈ ਮੈਂ ਬਚਪਨ ਵਿੱਚ ਲੈ ਜਾਵਾਂ ਬੱਚਿਆਂ ਨੂੰ।
ਕੰਮ ਦੇ ਭਾਰੇ ਬੋਝ ਤੋਂ ਮੁਕਤ ਕਰਾਵਾਂ ਬੱਚਿਆਂ ਨੂੰ।
ਇਕ ਪਾਸੇ ਕਰਮਾਂ ਮਾਰੇ ਮਜ਼ਦੂਰੀ ਕਰਦੇ ਨੇ,
ਦੂਜੇ ਪਾਸੇ ਲਾਡਾਂ ਵਿੱਚ ਨਾ ਪਲਦੇ ਪੜ੍ਹਦੇ ਨੇ,
ਕਿਸਨੇ ਦੇ ਛੱਡੀਆਂ ਨੇ ਬਦ-ਦੁਆਵਾਂ ਬੱਚਿਆ ਨੂੰ।
ਜੀਅ ਕਰਦੈ ਮੈਂ ਬਚਪਨ ਵਿੱਚ ਲੈ ਜਾਵਾਂ ਬੱਚਿਆਂ ਨੂੰ।

ਬੇਫ਼ਿਕਰੀ ਨਾਲ ਬਚਪਨ ਜਿੱਥੇ ਸੌਂਦਾ ਹੋਵੇ ਜੀ,
ਸਿਰ 'ਤੇ ਬੋਝਾ ਇੱਟਾਂ ਦਾ ਨਾ ਢੋਂਹਦਾ ਹੋਵੇ ਜੀ,
ਫੁੱਲਾਂ ਤੇ ਪਰੀਆਂ ਦੀ ਬਾਤ ਸੁਣਾਵਾਂ ਬੱਚਿਆਂ ਨੂੰ।
ਜੀਅ ਕਰਦੈ ਮੈਂ ਬਚਪਨ ਵਿੱਚ ਲੈ ਜਾਵਾਂ ਬੱਚਿਆਂ ਨੂੰ।

ਨਫਰਤ-ਨਫਰਤ ਹੋ ਗਿਆ ਸਾਰਾ ਅੱਜ ਜ਼ਮਾਨਾ ਕਿਉਂ ?
ਬਚਪਨ ਦਾ ਹਰ ਜ਼ਖਮੀ-ਜ਼ਖਮੀ ਅੱਜ ਤਰਾਨਾ ਕਿਉਂ ?
ਮੋਹ ਦੀ ਜਾਚ ਸਿਖਾਉਂਦਾ ਗੀਤ ਸੁਣਾਵਾਂ ਬੱਚਿਆਂ ਨੂੰ।
ਜੀਅ ਕਰਦੈ ਮੈਂ ਬਚਪਨ ਵਿੱਚ ਲੈ ਜਾਵਾਂ ਬੱਚਿਆਂ ਨੂੰ।

ਬਾਤ ਪਾਵਾਂ ਬਤੋਲੀ ਪਾਵਾਂ ਬਾਤ ਨੂੰ ਲਾਵਾਂ ਆਦਾ,
ਬੁਝੋ ਪੋਤਾ-ਪੋਤੀ ਨੂੰ ਫਿਰ ਆਖਣ ਦਾਦੀ-ਦਾਦਾ,
ਬੁੱਝਣ ਤੇ ਗੋਦੀ ਦਾ ਸਵਰਗ ਦਿਖਾਵਾਂ ਬੱਚਿਆਂ ਨੂੰ।
ਜੀਅ ਕਰਦੈ ਮੈਂ ਬਚਪਨ ਵਿਚ ਲੈ ਜਾਵਾਂ ਬੱਚਿਆਂ ਨੂੰ।

ਜਿਥੇ ਬੱਚੇ ਖੇਡਾਂ ਦੇ ਨਾਲ ਜੀਅ ਪ੍ਰਚਾਉਂਦੇ ਸੀ,
ਏਦਾਂ ਤਾਂ ਨਾ ਹੋਟਲਾਂ ਉੱਤੇ ਕਪ ਲਿਸ਼ਕਾਉਂਦੇ ਸੀ,
ਪੜ੍ਹਨ ਲਿਖਣ ਦੀ ਉਮਰੇ ਪੜ੍ਹਨੇ ਪਾਵਾਂ ਬੱਚਿਆਂ ਨੂੰ।
ਜੀਅ ਕਰਦੈ ਮੈਂ ਬਚਪਨ ਵਿੱਚ ਲੈ ਜਾਵਾਂ ਬੱਚਿਆਂ ਨੂੰ।

ਇਹ ਬੱਚੇ ਜੋ ਰੋਟੀ ਲਈ ਮਜ਼ਦੂਰੀ ਕਰਦੇ ਨੇ,
ਦੋ ਟਕਿਆਂ ਦੀ ਖਾਤਰ ਪਿੰਡੇ ਛਮਕਾਂ ਜਰਦੇ ਨੇ,
ਗੁੱਡੀਆਂ ਅਤੇ ਪਟੋਲਿਆਂ ਨਾਲ ਮਿਲਾਵਾਂ ਬੱਚਿਆਂ ਨੂੰ।
ਜੀਅ ਕਰਦੈ ਮੈਂ ਬਚਪਨ ਵਿੱਚ ਲੈ ਜਾਵਾਂ ਬੱਚਿਆਂ ਨੂੰ।

ਲੱਗਦੈ ਬੱਚਿਆਂ ਦਾ ਬਚਪਨ ਕੋਈ ਖੋਹ ਕੇ ਲੈ ਗਿਆ ਏ,
ਮਾਸੂਮਾਂ ਦੇ ਕੋਰੇ ਮਨ ਤੇ ਬੋਝਾ ਪੈ ਗਿਆ ਏ,
ਬੱਚਿਆਂ ਵਾਂਗਰ ਮੌਲਦੇ ਵੇਖਣਾ ਚਾਹਵਾਂ ਬੱਚਿਆਂ ਨੂੰ।
ਜੀਅ ਕਰਦੈ ਮੈਂ ਬਚਪਨ ਵਿੱਚ ਲੈ ਜਾਵਾਂ ਬੱਚਿਆਂ ਨੂੰ।

# ਮਾਂ

ਮਾਂ ਦੀਆਂ ਵੀਰਾਨ ਅੱਖੀਆਂ,
ਬਹੁਤ ਪਰੇਸ਼ਾਨ ਅੱਖੀਆਂ।
ਕਿੰਨਾਂ ਕੁਝ ਕਹਿਣਾ ਚਾਹੁੰਦੀਆਂ,
ਚੁੱਪ ਸੁੰਨ-ਸਾਨ ਅੱਖੀਆਂ।

ਵੀਹੀ-ਵਿਹੜੇ ਵਾਲੀਆਂ ਵੀ ਜਿਹੜੀ ਅੰਮੀਂ ਕੋਲੋਂ ਕਦੇ
ਪੁੱਛ-ਪੁੱਛ ਜਾਂਦੀਆਂ ਸੀ ਗੱਲਾਂ,
ਘਰ ਵਿੱਚ ਉਸੇ ਦੀ ਕਦਰ ਨਾ ਕੋਈ ਕਰੇ ਹੁਣ
ਕਿੱਦਾਂ ਇਹ ਡੂੰਗੇਰਾ ਫੱਟ ਝੱਲਾਂ,
ਔਲਾਦ ਦੀ ਬੇਕਦਰੀ ਨੇ ਦਰ-ਦਰ ਰੋਲੀਆਂ ਨੇ
ਕਿੰਨੀਆਂ ਰਕਾਨ ਅੱਖੀਆਂ।
ਕਿੰਨਾ ਕੁਝ ਕਹਿਣਾ ਚਾਹੁੰਦੀਆਂ
ਚੁੱਪ ਸੁੰਨ-ਸਾਨ ਅੱਖੀਆਂ।

ਜ਼ਿੰਦਗੀ ਦੀ ਕਿਸੇ ਔਖੀ ਘੜੀ ਵੇਲੇ ਡੋਲੇ ਨਾ ਜੋ
ਰੱਖਦੇ ਸੀ ਆਲਣਾ ਸ਼ਿੰਗਾਰ ਕੇ,
ਇਕ ਪੰਛੀ ਉੱਡ ਗਿਆ ਦੂਜਾ ਰਿਹਾ ਕੱਲਾ ਜਦੋਂ
ਜਿੱਤੀ ਬਾਜ਼ੀ ਰਹੇ ਜਿਵੇਂ ਹਾਰ ਕੇ,
ਢਿੱਡੋਂ ਜੰਮੇ ਕਰਦੇ ਨੇ ਮਮਤਾ ਤੇ ਵਾਰ ਗੁੱਝੇ
ਵੇਖ ਕੇ ਹੈਰਾਨ ਅੱਖੀਆਂ।
ਕਿੰਨਾ ਕੁਝ ਕਹਿਣਾ ਚਾਹੁੰਦੀਆਂ
ਚੁੱਪ ਸੁੰਨ-ਸਾਨ ਅੱਖੀਆਂ।

ਮਾਪਿਆਂ ਦੇ ਰੂਪ ਵਿੱਚ ਰੱਬ ਸਾਡੇ ਕੋਲ ਹੁੰਦਾ,
ਇਹ ਗੱਲ ਮਨੋਂ ਨਾ ਵਿਸਾਰੀਏ।
ਭਗਤੀ ਤੋਂ ਬਿਨਾਂ ਫਲ ਪਾਉਣਾ ਹੁੰਦਾ ਔਖਾ
ਮੂੰਹੋਂ ਮੰਦੇ ਬੋਲ ਕਦੇ ਨਾ ਉਚਾਰੀਏ।
ਰੋਂਦੀਆਂ ਨੇ ਭਾਵੇਂ ਤਾਂ ਵੀ ਦਿੰਦੀਆਂ ਅਸੀਸ ਸਦਾ
ਕੈਸੀਆਂ ਮਹਾਨ ਅੱਖੀਆਂ।
ਕਿੰਨਾ ਕੁਝ ਕਹਿਣਾ ਚਾਹੁੰਦੀਆਂ
ਚੁੱਪ ਸੁੰਨ-ਸਾਨ ਅੱਖੀਆਂ।

ਧੀਆਂ ਕੋਲੇ ਔਖੇ ਵੇਲੇ ਰਹਿਣਾ ਨਹੀਂਓ ਚਾਹੁੰਦੇ ਮਾਪੇ,
ਕਿਹੋ ਜਿਹੇ ਸਾਡੇ ਦਸਤੂਰ ਨੇ।
ਪੁੱਤਾਂ ਵਾਂਗੂੰ ਪਾਲੀਆਂ ਜੋ ਮਾਪਿਆਂ ਨੇ ਧੀਆਂ ਕਦੇ,
ਇਸ ਵੇਲੇ ਕਾਹਤੋਂ ਮਜਬੂਰ ਨੇ।
ਧੀਆਂ ਦਰ ਬਹਿਣ ਨਾਲ ਸੋਚਦੀਆਂ
ਘੱਟ ਜਾਣੀ ਪੁੱਤਰਾਂ ਦੀ ਸ਼ਾਨ ਅੱਖੀਆਂ
ਮਾਂ ਦੀਆਂ ਵੀਰਾਨ ਅੱਖੀਆਂ
ਬਹੁਤ ਪਰੇਸ਼ਾਨ ਅੱਖੀਆਂ।
ਕੈਸੀਆਂ ਮਹਾਨ ਅੱਖੀਆਂ
ਕੈਸੀਆਂ ਮਹਾਨ ਅੱਖੀਆਂ।

•

# ਔਰਤ

ਔਰਤ ਦੇ ਨਾਲ ਨਸ਼ਿਆਂ ਦੇ ਪ੍ਰਚਾਰ ਨੂੰ ਰੋਕੋ।
ਬੋਤਲ ਵਰਗੀ ਕਹਿ ਕੇ ਹੁੰਦੇ ਵਾਰ ਨੂੰ ਰੋਕੋ।
ਔਰਤ ਹੁੰਦੀ ਅੰਮ੍ਰਿਤ ਵਰਗੀ, ਘਰ ਨੂੰ ਸਵਰਗ ਬਣਾ ਦੇਵੇ,
ਦਾਰੂ ਹੁੰਦੀ ਵਿਸ਼ ਦਾ ਪਿਆਲਾ, ਨਰਕਾਂ ਦੇ ਰਾਹ ਪਾ ਦੇਵੇ,
ਸੀਤਾ ਵਰਗੀ ਲਾਜ ਤੇ ਅੱਤਿਆਚਾਰ ਨੂੰ ਰੋਕੋ।
ਔਰਤ ਦੇ ਨਾਲ ਨਸ਼ਿਆਂ ਦੇ ......

ਦਾਰੂ ਤਾਂ ਝਗੜੇ ਕਰਵਾਵੇ, ਸੋਨਾ ਦੇਹ ਨੂੰ ਝੋਰਾ ਲਾਵੇ,
ਪੀਂਦਾ ਜਿਹੜਾ ਇਸ ਚੰਦਰੀ ਨੂੰ, ਸਭਨਾਂ ਦਾ ਵਿਸ਼ਵਾਸ ਗਵਾਵੇ,
ਗੈਰਤ ਨੂੰ ਜੋ ਰੋਲੇ ਇਸ ਗੱਦਾਰ ਨੂੰ ਰੋਕੋ।
ਔਰਤ ਦੇ ਨਾਲ ਨਸ਼ਿਆਂ ਦੇ .....

ਔਰਤ ਹੁੰਦੀ ਮਾਂ ਤੇ ਮਾਂ ਕਦ ਰਾਹ ਭਟਕਾਵੇ,
ਉਹ ਤਾਂ ਆਪਣੇ ਪੁੱਤਰਾਂ ਦੀ ਸਦਾ ਖੈਰ ਮਨਾਵੇ,
ਖੁਸ਼ੀਆਂ ਤੇ ਜੋ ਚੱਲਦਾ ਇਸ ਹਥਿਆਰ ਨੂੰ ਰੋਕੋ।
ਔਰਤ ਦੇ ਨਾਲ ਨਸ਼ਿਆਂ ਦੇ ਪ੍ਰਚਾਰ ......

ਦਾਰੂ ਪੀਵੇ ਵੀਰ, ਭੈਣ ਵੀ ਕਦੇ ਨਾ ਚਾਹਵੇ,
ਨਸ਼ੇ ਜੋ ਕਰਦਾ ਰੱਖੜੀ ਦੀ ਕਦ ਲਾਜ ਬਚਾਵੇ,
ਅਣਖ ਨੂੰ ਛਿੱਕੇ ਟੰਗਦੀ ਇਸ ਖ਼ੂੰਖਾਰ ਨੂੰ ਰੋਕੋ
ਔਰਤ ਦੇ ਨਾਲ ਨਸ਼ਿਆਂ ਦੇ ਪ੍ਰਚਾਰ ਨੂੰ ਰੋਕੋ।

ਨਸ਼ਿਆਂ ਵਿੱਚ ਗਲਤਾਨ ਪਤੀ ਨਾ ਪਤਨੀ ਚਾਹਵੇ,
ਬੱਚਿਆਂ ਨੂੰ ਨਾ ਪਿਆਰ ਮਿਲੇ ਜਿਉਂ ਸਹਿਮੇ ਸਾਹੇ,
ਕਿਣਕਾ-ਕਿਣਕਾ ਬਿਖਰੇ ਨਾ ਘਰ-ਬਾਰ ਵੇ ਲੋਕੋ।
ਔਰਤ ਦੇ ਨਾਲ ਨਸ਼ਿਆਂ ਦੇ ਪ੍ਰਚਾਰ ਨੂੰ ਰੋਕੋ।

ਵਿਕ ਜਾਂਦੀ ਜਾਇਦਾਦ ਨਾਲੇ ਹੱਡਾਂ ਨੂੰ ਖਾਵੇ,
ਇਕ ਵਾਰੀ ਦੇ ਚੱਕਰ ਵਿੱਚ ਜਿਹੜਾ ਫਸ ਜਾਵੇ,
ਚੱਖ ਕੇ ਵੇਖਣ ਵਾਲੀ ਉਸ ਇਕ ਵਾਰ ਨੂੰ ਰੋਕੋ।
ਔਰਤ ਦੇ ਨਾਲ ਨਸ਼ਿਆਂ ਦੇ ਪ੍ਰਚਾਰ ਨੂੰ ਰੋਕੋ।
ਬੋਤਲ ਵਰਗੀ ਕਹਿ ਕੇ ਹੁੰਦੇ ਵਾਰ ਨੂੰ ਰੋਕੋ।

•

## ਮਤਰੇਈ ਮਾਂ

ਬੇਸ਼ੱਕ ਹਰ ਮਤਰੇਈ ਮਾਂ ਤਾਂ ਬੁਰੀ ਨਹੀਂ ਹੁੰਦੀ।
ਮਾਂ ਦੇ ਪਿਆਰ ਦੀ ਕਮੀ ਕਦੇ ਪਰ ਪੂਰੀ ਨਹੀਂ ਹੁੰਦੀ,
ਮਤਰੇਈ ਮਾਂ ਦੀਆਂ ਝਿੜਕਾਂ ਵਿੱਚ ਮੋਹ ਪਾਇਆ ਹੋਵੇ ਨਾ।
ਮੋਹ ਨਈਂ ਆਉਂਦਾ ਹੱਥੀਂ ਰੁੱਖ ਜੇ ਲਾਇਆ ਹੋਵੇ ਨਾ।

ਪਿਆਰ ਤੋਂ ਵੱਧਕੇ ਮਾਂ ਤੇਰੀ ਮਿੱਠੀ ਝਿੜਕ ਸਤਾਉਂਦੀ ਏ,
ਪੋਲੇ ਪੈਰੀਂ ਆਉਣ ਵਾਲੀ ਤੇਰੀ ਵਿੜਕ ਸਤਾਉਂਦੀ ਏ,
ਕੀ ਜੀਣਾ ਜੇ ਮਾਂ ਦਾ ਸਿਰ ਤੇ ਸਾਇਆ ਹੋਵੇ ਨਾ।
ਮੋਹ ਨਈ ਆਉਂਦਾ ......।

ਮੈਨੂੰ ਮਾਹੀ ਵਿਆਹ ਲਿਆਇਆ ਮਾਂ ਡੋਲੀ ਲੈ ਕੇ ਨੀ,
ਨਿਆਣਾ ਵੀਰਾ ਰੋਂਦਾ ਸੀ ਪਰ ਭੁੱਬੀਂ ਬਹਿ ਕੇ ਨੀ,
ਭੁੱਖਣ-ਭਾਣੇ ਚੱਤੋ ਪਹਿਰ ਬਿਤਾਇਆ ਹੋਵੇ ਨਾ।
ਮੋਹ ਨਈ ਆਉਂਦਾ ......।

ਉਂਝ ਤਾਂ ਰਿਸ਼ਤੇ ਕਿੰਨੇ ਹੀ ਸਿਰ ’ਤੇ ਹੱਥ ਧਰਦੇ ਨੇ,
ਤੇਰੇ ਵਾਂਗੂੰ ਰੂਹ ਤੋਂ ਨਹੀਂ ਦੁਆਵਾਂ ਕਰਦੇ ਨੇ,
ਕਿਸੇ ਅਸੀਸ ਵਿੱਚ ਤੇਰੇ ਵਰਗਾ ਸਾਇਆ ਹੋਵੇ ਨਾ।
ਮੋਹ ਨਈ ਆਉਂਦਾ ......।

ਬਾਬਲ ਦੀ ਤਾਂ ਹੋ ਗਈ ਮਾਏ ਜਦ ਤੋਂ ਹੋਰ ਗ੍ਰਹਿਸਤੀ,
ਅੰਮੀਏ ਸਾਡੀ ਜ਼ਿੰਦਗੀ ਹੋ ਗਈ ਕੌਡੀਆਂ ਤੋਂ ਵੀ ਸਸਤੀ,
ਦਰ-ਦਰ ਤੇ ਕੋਈ ਰੁਲਦਾ ਮਾਂ ਦਾ ਜਾਇਆ ਹੋਵੇ ਨਾ।
ਮੋਹ ਨਈਂ ਆਉਂਦਾ ਹੱਥੀਂ ਰੁੱਖ ਜੇ ਲਾਇਆ ਹੋਵੇ ਨਾ।

•

# ਬਚਪਨ ਵੱਡਾ ਹੋਣ ਤੋਂ ਡਰਦੈ

ਵੱਡਿਆਂ ਦੇ ਵਿੱਚ ਦੇਖ ਕੇ ਨਫਰਤ
ਬਚਪਨ ਵੱਡਾ ਹੋਣ ਤੋਂ ਡਰਦੈ।
ਰੁਸਵਾਈਆਂ ਦੀ ਭੀੜ ਕਿਧਰੇ
ਮੋਹ ਸਾਡਾ ਵੀ ਖੋਣ ਤੋਂ ਡਰਦੈ।

ਸਾਵਣ ਵਰਗੇ ਰਿਸ਼ਤੇ ਕਾਹਤੋਂ ਕਾਲੇ ਧੂੰਏਂ ਬਣ ਜਾਂਦੇ ਨੇ,
ਮੋਹ ਵਰਸਾਉਣਾ ਭੁੱਲ ਜਾਂਦੇ ਨੇ ਦੁਸ਼ਮਣ ਬਣਕੇ ਤਣ ਜਾਂਦੇ ਨੇ,
ਰਿਸ਼ਤਿਆਂ ਵਾਲੀ ਮਾਲਾ ਤਾਂ ਹੀ ਦਿਲ ਮਰ ਜਾਣਾ ਪ੍ਰੋਣ ਤੋਂ ਡਰਦੈ।
ਵੱਡਿਆਂ ਦੇ ਵਿੱਚ ਦੇਖ ਕੇ ਨਫਰਤ .......।

ਭੈਣ ਭਰਾ ਅਸੀਂ ਕਿੰਨੇ ਖੁਸ਼ ਹਾਂ, ਰੱਖੜੀ ਦਾ ਤਿਉਹਾਰ ਹੈ ਭਾਉਂਦਾ,
ਕੱਚੇ ਧਾਗੇ ਦਾ ਇਹ ਰਿਸ਼ਤਾ ਪਿਆਰ 'ਚ ਗੂੜ੍ਹਾ ਹੋ-ਹੋ ਜਾਂਦਾ,
ਸੱਚਾ-ਸੁੱਚਾ ਇਹ ਬੰਧਨ ਤਾਂ ਲਾਲਚ 'ਚ ਦਰ ਟੋਹਣ ਤੋਂ ਡਰਦੈ।
ਵੱਡਿਆਂ ਦੇ ਵਿੱਚ ਦੇਖ ਕੇ ਨਫਰਤ.......।

ਨਾ ਕੋਈ ਹਿੰਦੂ, ਨਾ ਕੋਈ ਮੁਸਲਿਮ, ਨਾ ਕੋਈ ਸਿੱਖ, ਇਸਾਈ,
ਊਚ-ਨੀਚ ਨਾ ਜਾਤ-ਪਾਤ ਕੋਈ, ਇਕੋ ਦਿਸੇ ਲੋਕਾਈ,
ਫੋਕੇ ਭਰਮ ਭੁਲੇਖਿਆਂ ਨੂੰ ਵੀ ਦਿਲ ਸਾਡਾ ਹਾਏ ਛੋਹਣ ਤੋਂ ਡਰਦੈ
ਵੱਡਿਆਂ ਦੇ ਵਿੱਚ ਦੇਖ ਕੇ ਨਫਰਤ ......।

ਜਿਸ ਅੰਮੜੀ ਲਈ ਮੇਰੀ-ਮੇਰੀ ਕਹਿ ਕੇ ਲੜਦੇ ਹਾਂ,
ਘਰ ਆਵੇ ਜਦ ਬਾਪੂ ਅਸੀਂ ਘਨੇੜੇ ਚੜ੍ਹਦੇ ਹਾਂ,
ਟੁੱਟ ਨਾ ਜਾਵਣ ਮੋਹ ਦੀਆਂ ਤੰਦਾਂ, ਦਿਲ ਸਾਡਾ ਹਾਏ ਰੋਣ ਤੋਂ ਡਰਦੈ।
ਵੱਡਿਆਂ ਦੇ ਵਿੱਚ ਵੇਖ ਦੇ ਨਫਰਤ ......।

•

# ਅੰਨਦਾਤਾ

ਢੱਗਿਆਂ ਦੀ ਕੌਣ ਸੁਣੇ ਕੰਡਿਆਂ ਨਾਲ ਵਿੰਨੀ ਕਹਾਣੀ।
ਅੰਨਦਾਤਾ ਦੀ ਹਾਲੇ ਤੱਕ ਨਾ ਕਦਰ ਕਿਸੇ ਨੇ ਜਾਣੀ।
ਖੇਤਾਂ ਵਿੱਚ ਲੰਘਦੀਆਂ ਨੇ ਠੰਢੀਆਂ ਰਾਤਾਂ
ਨੰਗੇ ਪੈਰੀਂ,
ਸਿਰ ਉੱਤੋਂ ਵੱਗਦੀਆਂ ਨੇ ਤੱਤੀਆਂ ਲੂਆਂ
ਸਿਖਰ ਦੁਪਹਿਰੀਂ,
ਫਸਲਾਂ ਨੂੰ ਪਾਲਦਾ ਏ ਕਰਕੇ ਖ਼ੂਨ ਜਿਗਰ ਦਾ ਪਾਣੀ।
ਢੱਗਿਆਂ ਦੀ ਕੌਣ ਸੁਣੇ .....।

ਖੇਤੀ ਦਾ ਕੰਮ ਰਿਹਾ, ਬਣਕੇ ਬਸ ਕੇਵਲ ਮਜਬੂਰੀ,
ਮਹਿੰਗਾਈ ਮਾਰ ਰਹੀ, ਮੁਢਲੀ ਲੋੜ ਨਾ ਹੋਵੇ ਪੂਰੀ,
ਹੱਥਾਂ ਦੇ ਕਿਰਤੀ ਨੂੰ ਵੀ ਮੁਸ਼ਕਿਲ ਹੋ ਗਈ ਰੋਟੀ ਖਾਣੀ
ਢੱਗਿਆਂ ਦੀ ਕੌਣ ਸੁਣੇ .....।

ਕੋਠੇ ਤੇ ਸੌਂਦੇ ਨੇ ਟੱਬਰ ਹੱਥੀਂ ਲੈ ਕੇ ਪੱਖੀਆਂ,
ਬਿਜਲੀ ਤਾਂ ਗੁਲ ਰਹਿੰਦੀ ਅੱਖੀਆਂ ਰਾਹ ਤੱਕ-ਤੱਕ ਕੇ ਥੱਕੀਆਂ,
ਘੜਿਆਂ ਦਾ ਜੁੜਦਾ ਏ ਹਾਲੇ ਤੱਕ ਵੀ ਠੰਢਾ ਪਾਣੀ
ਢੱਗਿਆਂ ਦੀ ਕੌਣ ਸੁਣੇ .....।

ਕਰਜ਼ੇ ਨਾਲ ਵਿੰਨੀ ਗਈ ਕਾਹਤੋਂ ਵਾਲ-ਵਾਲ ਕਿਰਸਾਨੀ,
ਨਸ਼ਿਆਂ ਵਿੱਚ ਰੋਲ ਰਹੇ ਕਾਹਤੋਂ ਗੱਭਰੂ ਸੋਹਲ ਜਵਾਨੀ,
ਸਰਦਾਰ ਨਾ ਦਿਸਦੇ ਨੇ ਖੇਤਾਂ ਵਿੱਚ ਭਈਆਂ ਦੀ ਢਾਣੀ,
ਢੱਗਿਆਂ ਦੀ ਕੌਣ ਸੁਣੇ .....।

ਹੋਏ ਤੇਲ ਵੀ ਮਹਿੰਗੇ ਨੇ ਐਪਰ ਜਟ ਦਾ ਦਰਦੀ ਕਿਹੜਾ ?
ਸੋਕਾ ਪੈ ਜਾਂਦਾ ਤੇ ਖੇਤਾਂ ਵਿੱਚ ਫੱਟ ਜਾਂਦੀਆਂ ਤੇੜਾਂ,
ਚੌਹਾਂ ਹੀ ਪਾਸਿਆਂ ਤੋਂ ਰੱਬਾ ਕਿਉਂ ਹੋਵੇ ਵੰਡ ਕਾਣੀ
ਢੱਗਿਆਂ ਦੀ ਕੌਣ ਸੁਣੇ ਕੰਡਿਆਂ ਨਾਲ ਵਿੰਨੀ ਕਹਾਣੀ।

•

# ਜੰਮਣ ਭੋਇੰ

ਮੈਨੂੰ ਜੰਮਣ ਭੋਇੰ ਕਹਿੰਦੇ, ਕੁਝ ਕਹਿੰਦੇ ਧਰਤੀ ਮਾਂ
ਕੈਸਾ ਕਲਯੁਗ ਆਇਆ, ਹੁਣ ਮੈਂ ਵਿਕਦੀ ਥਾਂ-ਕੁਥਾਂ।

ਵਾਹੁੰਦੇ ਸੀ ਜੋ ਮੈਨੂੰ ਹੱਥੀਂ ਗੁੱਡਦੇ ਸੀ ਹਰ ਕਿਆਰਾ,
ਫਸਲਾਂ ਜਦ ਝੂਮਦੀਆਂ ਲਗਦਾ ਰੂਪ ਸੀ ਬੜਾ ਨਿਆਰਾ,
ਉਹਨਾਂ ਨੂੰ ਵੀ ਪਿਆਰੇ ਦੰਮੜੇ ਹੋ ਗਏ ਨੇ ਹੁਣ ਤਾਂ।
ਮੈਨੂੰ ਜੰਮਣ ਭੋਇੰ ਕਹਿੰਦੇ ……।

ਪਹਿਲਾਂ ਦੁੱਧ ਨਾ ਵਿਕਦਾ ਸੀ ਹੁਣ ਪੁੱਤ ਵੀ ਵਿਕਦੇ ਨੇ,
ਮੰਗਣਾ ਹੈ ਕਿੰਨਾ ਦਾਜ ਨਿਤ ਦਿਨ ਮਨ ਵਿੱਚ ਮਿਥਦੇ ਨੇ,
ਮੇਰੀ ਮਿੱਟੀ ਵੇਚਦੇ ਨੇ ਟੋਏ ਪੁੱਟੇ ਨੇ ਥਾਂ-ਥਾਂ
ਮੈਨੂੰ ਜੰਮਣ ਭੋਇੰ ਕਹਿੰਦੇ …..।

ਹੋਏ ਤੇਲ ਵੀ ਮਹਿੰਗੇ ਨੇ ਤੇ ਪਾਣੀ ਵੀ ਹੋ ਗਏ ਨੇ ਡੂੰਘੇ,
ਮਹਿੰਗਾਈ ਨੇ ਅਸਲੋਂ ਸਭਨਾਂ ਨੂੰ ਲਾ ਛੱਡਿਆ ਖੂੰਜੇ,
ਮਤਰੇਈ ਲਗਦੀ ਕਿਉਂ ਹੁਣ ਕਿਰਸਾਨ ਨੂੰ ਧਰਤੀ ਮਾਂ
ਮੈਨੂੰ ਜੰਮਣ ਭੋਇੰ ਕਹਿੰਦੇ …..।

ਕੁਝ ਐਸ ਪ੍ਰਸਤੀ ਲਈ ਵੀ ਪਰ ਮੇਰਾ ਮੁੱਲ ਵਟਾਉਂਦੇ ਨੇ,
ਕੁਝ ਕੰਪਨੀਆਂ ਵਾਲੇ ਵੀ ਮਨ ਵਿੱਚ ਲਾਲਚ ਪਾਉਂਦੇ ਨੇ,
ਸੰਦ ਵੇਚ ਕੇ ਖੇਤੀ ਦੇ ਕਾਰਾਂ ਦੇ ਲਈ ਕਰਦੇ ਥਾਂ,
ਮੈਨੂੰ ਜੰਮਣ ਭੋਇੰ ਕਹਿੰਦੇ …..।

ਮਿਹਨਤ ਦੇ ਨਾਲ ਰਹਿੰਦਾ ਕਹਿੰਦੇ ਹਰ ਇਕ ਖੁਆਬ ਅਧੂਰਾ,
ਇਕੋ ਹੀ ਝਟਕੇ ਨਾਲ ਚਾਹੁੰਣ ਲੱਗ ਪਏ ਨੇ ਮੁੱਲ ਪੂਰਾ,
ਖੇਤਾਂ ਨੂੰ ਖਾਂਦੀ ਵਾੜ ਰਿਹਾ ਨਾ ਕਿਸੇ ਦਾ ਕੋਈ ਵਿਸਾਹ।
ਮੈਨੂੰ ਜੰਮਣ ਭੋਇੰ ਕਹਿੰਦੇ ਕੁਝ ਕਹਿੰਦੇ ਧਰਤੀ ਮਾਂ।
ਕੈਸਾ ਕਲਯੁਗ ਆਇਆ ਹੁਣ ਮੈਂ ਵਿਕਦੀ ਥਾਂ ਕੁਥਾਂ।

•

# ਸਰਵਣ

ਕੋਈ ਬਣਦਾ ਹੈ ਮਜਨੂੰ ਅੱਜ ਕਲ, ਕੋਈ ਰਾਂਝਾ ਅਖਵਾਉਂਦਾ।
ਸਰਵਣ ਪੁੱਤ ਬਣਨੇ ਦਾ ਕਿਸੇ ਨੂੰ ਕਿਉਂ ਚੇਤਾ ਨਹੀਂ ਆਉਂਦਾ ?

ਮੁੜ ਆਈਂ ਸਰਵਣਾ ਵੇ, ਵੇ ਤੇਰੀ ਜੱਗ ਤੇ ਲੋੜ ਬੜੀ।
ਰੁਲਦੇ ਹੋਏ ਮਾਪਿਆਂ ਨੂੰ, ਵੇ ਤੇਰੀ ਰੜਕੇ ਥੋੜ ਬੜੀ।
ਕਲਯੁਗੀ ਪੁੱਤਾਂ ਨੂੰ ਵੇ ਸਰਵਣਾ ਦੇ ਜਾਵੀਂ ਤੂੰ ਮੱਤਾਂ,
ਮਾਪੇ ਨਾ ਮੁੜ ਮਿਲਦੇ ਕਾਹਤੋਂ ਮਾਰਨ ਰੱਬ ਨੂੰ ਲੱਤਾਂ,
ਤੇਰੀ ਆਖੀ ਲੱਗਣੀ ਨਾ ਛੋਟਾ ਮੂੰਹ ਤੇ ਬਾਤ ਬੜੀ
ਮੁੜ ਆਈਂ ਸਰਵਣਾ ਵੇ .....।

ਤੇਰੇ ਵਰਗਾ ਮਾਪਿਆਂ ਦਾ ਨਾ ਆਦਰ ਤੇ ਸਤਿਕਾਰ ਰਿਹਾ,
ਪੁੱਤਾਂ ਨੂੰ ਹੁਣ ਲੱਗਦੇ ਕਾਹਤੋਂ, ਮਾਪੇ ਨਿਰਾ ਭਾਰ ਜਿਹਾ,
ਮਿਠੜੇ ਬੋਲ ਨਾ ਸਰਦੇ ਦੋ, ਕੁਬੋਲਾਂ ਦੀ ਲਾਉਣ ਝੜੀ।
ਮੁੜ ਆਈਂ ਸਰਵਣਾ ਵੇ .....।

ਮਾਪਿਆਂ ਕੋਲੇ ਬੈਠਣ ਦਾ ਤਾਂ ਰਹਿ ਗਿਆ ਭੋਰਾ ਹੇਜ ਨਹੀਂ,
ਟੀ.ਵੀ. ਅਤੇ ਮੋਬਾਇਲਾਂ ਕੋਲੋਂ ਭਾਵੇਂ ਕੋਈ ਪ੍ਰਹੇਜ ਨਹੀਂ,
ਨਿੱਕੀ ਮੋਟੀ ਗੱਲ ਦੀ ਵੀ ਬਣ ਜਾਂਦੀ ਖ਼ੂਬ ਲੜੀ।
ਮੁੜ ਆਈਂ ਸਰਵਣਾ ਵੇ .....।

ਹੋਈ ਸੰਤਾਨ ਨਿਕੰਮੀ, ਬੁੱਢੇ ਮਾਪੇ ਖਪ-ਖਪ ਮਰਦੇ ਨੇ,
ਪੁੱਤ ਅਮਲੀ ਤੇ ਅਮਲ ਬਿਨਾਂ ਝੱਟ, ਗਲ ਤੇ ਗੂੱਠਾ ਧਰਦੇ ਨੇ,
ਵਿਹਲੇ ਬਹਿ ਕੇ ਖਾਂਦੇ ਨੇ ਨਸ਼ਿਆਂ ਦੀ ਲੋਰ ਚੜ੍ਹੀ
ਮੁੜ ਆਈਂ ਸਰਵਣਾ ਵੇ .....।

ਹੋਵੇ ਕੋਠੀ ਕਾਰ ਵੀ ਹੋਵੇ, ਹੋਵੇ ਪੂਰੀ ਐਸ਼ ਬਈ,
ਮਾਪੇ ਨੇ ਜਿਉਂ ਏ.ਟੀ.ਐਮ, ਨਿਕਲੇ ਜਿਥੋਂ ਕੈਸ਼ ਬਈ,
ਮਗਰੋਂ ਰੋਂਦੇ ਨੇ ਫਿਰ ਬਹਿ ਕੇ ਕਰਜ਼ੇ ਦੀ ਪੰਡ ਚੜ੍ਹੀ
ਮੁੜ ਆਈਂ ਸਰਵਣਾ ਵੇ, ਵੇ ਤੇਰੀ ਜੱਗ ਤੇ ਲੋੜ ਬੜੀ।

•

# ਹੋਰ ਬਹੁਤ ਨੇ ਪਿਆਰ

ਆਸ਼ਿਕ ਅਤੇ ਮਾਸ਼ੂਕ ਬਿਨਾਂ ਵੀ ਹੋਰ ਬਹੁਤ ਨੇ ਪਿਆਰ।
ਗੀਤਾਂ ਦੇ ਵਿੱਚ ਆਉ ਕਰੀਏ ਉਨ੍ਹਾਂ ਦਾ ਇਜ਼ਹਾਰ।
ਭਗਤ ਸਿੰਘ, ਸੁਖਦੇਵ, ਰਾਜਗੁਰੂ ਦੇਸ਼ ਦੇ ਆਸ਼ਿਕ ਸੱਚੇ,
ਭਰੀ ਜਵਾਨੀ ਹੱਸਦੇ-ਹੱਸਦੇ ਮੌਤ ਦੇ ਵਿਹੜੇ ਲੱਥੇ,
ਦੇਸ਼ ਪ੍ਰੇਮ ਲਈ ਹੱਸਕੇ ਚੁੰਮੇ ਫੰਦਿਆਂ ਦੇ ਸੀ ਹਾਰ।
ਗੀਤਾਂ ਦੇ ਵਿੱਚ ਆਉ ਕਰੀਏ ਉਨ੍ਹਾਂ ਦਾ ਇਜ਼ਹਾਰ।
ਆਸ਼ਿਕ ਅਤੇ ਮਾਸ਼ੂਕ ਬਿਨਾਂ ਹੀ .............

ਹਰ ਮਾਂ ਆਪਣੇ ਬੱਚਿਆਂ ਉੱਤੋਂ ਵਾਰੇ-ਵਾਰੇ ਜਾਵੇ,
ਬੱਚਿਆਂ ਦੀ ਹਰ ਬਲਾ ਨੂੰ ਹੱਸਕੇ ਆਪਣੇ ਸਿਰ ਲੈ ਜਾਵੇ,
ਮਦਰ ਟਰੇਸਾ ਵਰਗੀ ਮਾਂ ਦਾ ਭੁੱਲੀਏ ਨਾ ਉਪਕਾਰ।
ਗੀਤਾਂ ਦੇ ਵਿੱਚ ਆਉ ਕਰੀਏ ਉਹਨਾਂ ਦਾ ਇਜ਼ਹਾਰ।
ਆਸ਼ਿਕ ਅਤੇ ਮਾਸ਼ੂਕ ਬਿਨਾਂ ਹੀ .............

ਅਮਰ ਪ੍ਰੇਮ ਹੈ ਸਰਵਣ ਦਾ ਜੋ ਜਾਂਦਾ ਨਹੀਂ ਭੁਲਾਇਆ,
ਬੇਵਸ ਮਾਪਿਆਂ ਨੂੰ ਵਹਿੰਗੀ ਤੇ ਚਾਰੋਂ ਧਾਮ ਘੁੰਮਾਇਆ।
ਐਸੀ 'ਲਾਦ ਜੋ ਮਾਪਿਆਂ ਦਾ ਸੀਨਾ ਦਿੰਦੀ ਏ ਠਾਰ।
ਗੀਤਾਂ ਦੇ ਵਿੱਚ ਆਓ ਕਰੀਏ ਉਹਨਾਂ ਦਾ ਇਜ਼ਹਾਰ।
ਆਸ਼ਿਕ ਅਤੇ ਮਾਸ਼ੂਕ ਬਿਨਾਂ ਹੀ .............

ਲਛਮਣ ਜੀ ਤੇ ਭਰਤ ਜਿਹੇ ਹੁਣ ਕਿਉਂ ਨਾ ਲੱਭਦੇ ਭਾਈ,
ਰਾਮ ਚੰਦਰ ਜੀ ਦੀ ਮਰਿਯਾਦਾ ਕਿਉਂ ਅਸੀਂ ਦਿਲੋਂ ਭੁਲਾਈ,
ਮਨਾਂ 'ਚ ਵੱਸਦਾ ਰਾਵਣ ਜਿਹੜਾ ਉਸਨੂੰ ਦਈਏ ਮਾਰ।
ਗੀਤਾਂ ਦੇ ਵਿੱਚ ਆਓ ਕਰੀਏ ਉਹਨਾਂ ਦਾ ਇਜ਼ਹਾਰ।

ਸਾਂਝ ਪਿਆਰ ਦੀ ਚੜ੍ਹੀ ਸੀ ਰਹਿੰਦੀ ਚੱਤੋ ਪਹਿਰ ਖੁਮਾਰੀ,
ਰਿਸ਼ਤਿਆਂ ਦੇ ਵਿੱਚ ਫੈਲੀ ਨਾ ਸੀ ਸਿਆਸਤ ਦੀ ਮਹਾਮਾਰੀ,
ਇਕ ਦੂਜੇ 'ਤੇ ਕਰਦੇ ਸੀ ਜੋ ਰੱਬ ਵਰਗਾ ਇਤਬਾਰ
ਗੀਤਾਂ ਦੇ ਵਿੱਚ ਆਉ ਕਰੀਏ ਉਹਨਾਂ ਦਾ ਇਜ਼ਹਾਰ
ਆਸ਼ਿਕ ਅਤੇ ਮਾਸ਼ੂਕ ਬਿਨਾਂ ਵੀ ਹੋਰ ਬਹੁਤ ਨੇ ਪਿਆਰ।

•

## ਬੋਹੜ ਦੀਆਂ ਛਾਵਾਂ ਜਿੱਥੇ

ਬੋਹੜ ਦੀਆਂ ਛਾਵਾਂ ਜਿੱਥੇ
ਠੰਢੀਆਂ ਹਵਾਵਾਂ ਜਿੱਥੇ
ਹੁੰਦੀਆਂ ਦੁਆਵਾਂ ਸਭ ਲਈ ਇਕਸਾਰ ਸੀ।
ਕਿਥੇ ਗਿਆ ਪਿੰਡ ਮੇਰਾ ਜਿੱਥੇ ਕਦੇ ਪਿਆਰ ਸੀ।

ਬਰੋਟੇ ਵਾਲੇ ਖੂਹ ਦਾ ਪਾਣੀ ਠੰਢਾ ਮਿੱਠਾ ਲੱਗਦਾ,
ਅਰਸ਼ਾਂ ਤੋਂ ਲੱਥਾ ਜਿਵੇਂ ਸਵਰਗ ਹੁੰਦਾ ਰੱਬ ਦਾ,
ਚਾਰ ਚਾਰ ਘੜੇ ਚੁੱਕ ਲੈਂਦੀ 'ਕੱਲੀ ਨਾਰ ਸੀ,
ਕਿਥੇ ਗਿਆ ਪਿੰਡ ਮੇਰਾ ............

ਤੇਰਾ ਨਾ ਕੋਈ ਮੇਰਾ ਇੱਕੋ ਸਾਂਝਾ ਹੁੰਦਾ ਵਿਹੜਾ ਸੀ,
ਕੋਟਲਾ ਛੁਪਾਕੀ ਵਾਲਾ ਚਾੜ੍ਹ ਦਿੰਦੇ ਗੇੜਾ ਸੀ,
ਫੁੱਲਾਂ ਦੀ ਸੀ ਰੁੱਤ ਰਹਿੰਦੀ ਦਿਲਾਂ 'ਚ ਨਾ ਖਾਰ ਸੀ।
ਕਿੱਥੇ ਗਿਆ ਪਿੰਡ ਮੇਰਾ ..................

ਕਿਸੇ ਨੂੰ ਨਾ ਬੀ.ਪੀ. ਸ਼ੂਗਰ, ਘਿਓ ਸ਼ੱਕਰ ਖਾਂਦੇ ਸੀ,
ਚੂਪਦੇ ਸੀ ਗੰਨੇ ਮਿੱਠੇ ਖੁਸ਼ੀਆਂ ਮਨਾਉਂਦੇ ਸੀ,
ਸ਼ਗਨਾਂ ਦੇ ਵਿੱਚ ਗੁੜ ਹੁੰਦਾ ਸਰਦਾਰ ਸੀ।
ਕਿੱਥੇ ਗਿਆ ਪਿੰਡ ਮੇਰਾ ਜਿਥੇ ਕਦੇ ਪਿਆਰ ਸੀ।

ਭੋਲੇ-ਭਾਲੇ ਲੋਕ ਭਲਾ ਸਭ ਦਾ ਮਨਾਉਂਦੇ ਸੀ,
ਹੋਰਾਂ ਦੀ ਤਰੱਕੀ ਨੂੰ ਵੀ ਖਿੜੇ ਮੱਥੇ ਚਾਹੁੰਦੇ ਸੀ,
ਇਕ ਦੂਸਰੇ ਲਈ ਮਨਾਂ ਵਿਚ ਸਤਿਕਾਰ ਸੀ।
ਕਿੱਥੇ ਗਿਆ ਪਿੰਡ ਮੇਰਾ ਜਿੱਥੇ ਕਦੇ ਪਿਆਰ ਸੀ।

•

# ਸੱਚੀਂ ਕਹਾਂ ਮੈਂ ਕਵੀ ਨਹੀਂ ਸੀ ਹੋਣਾ

ਦਿਲ ਵਿੱਚ ਲੱਥਾ ਜੇ ਦਰਦ ਨਾ ਹੁੰਦਾ,
ਸੱਚੀ ਕਹਾਂ ਮੈਂ ਕਵੀ ਨਹੀਂ ਸੀ ਹੋਣਾ।
ਕਰਨਾ ਅਦਾ ਜੇ ਕੋਈ ਫ਼ਰਜ਼ ਨਾ ਹੁੰਦਾ,
ਸੱਚੀ ਕਹਾਂ ਮੈਂ ਕਵੀ ਨਹੀਂ ਸੀ ਹੋਣਾ।

ਲੋਕੀ ਨਾ ਜੇ ਮੈਨੂੰ ਅੰਨਦਾਤਾ ਕਹਿੰਦੇ,
ਭੁੱਖਾਂ-ਥੁੜਾਂ ਦੀ ਜੇ ਛਾਵੇਂ ਨਾ ਬਹਿੰਦੇ,
ਸਿਰਾਂ ਉੱਤੇ ਮਣਾਮੂੰਹੀਂ ਕਰਜ਼ ਨਾ ਹੁੰਦਾ,
ਸੱਚੀ ਕਹਾਂ ਮੈਂ ਕਵੀ ਨਹੀਂ ਸੀ ਹੋਣਾ।

ਚਿੜੀਆਂ ਦਾ ਸੀਨਾ ਸ਼ਿਕਾਰੀ ਨਾ ਵਿੰਨਦਾ,
ਕੁੱਖਾਂ 'ਚੋਂ ਧੀਆਂ ਦਾ ਲਹੂ ਜੇ ਨਾ ਸਿੰਮਦਾ,
ਚਿਹਰਾ ਸਮਾਜ ਦਾ ਜਰਦ ਨਾ ਹੁੰਦਾ,
ਸੱਚੀ ਕਹਾਂ ਮੈਂ ਕਵੀ ਨਹੀਂ ਸੀ ਹੋਣਾ।

ਔਲਾਦ ਦੇ ਸੀਨੇ 'ਚੋਂ ਸਰਵਣ ਨਾ ਮਰਦਾ,
ਫੁੱਟ-ਫੁੱਟ ਮਾਪਿਆਂ ਦਾ ਦਿਲ ਜੇ ਨਾ ਵਰਦਾ,
ਵਿਰਧ ਘਰਾਂ ਦਾ ਜੇ ਮਰਜ਼ ਨਾ ਹੁੰਦਾ,
ਸੱਚੀ ਕਹਾਂ ਮੈਂ ਕਵੀ ਨਹੀਂ ਸੀ ਹੋਣਾ।

ਵਫਾ ਨਾਲ ਜੇ ਬੇਵਫਾਈ ਨਾ ਹੁੰਦੀ,
ਸੱਚ ਦੀ ਜੇ ਇਉਂ ਰੁਸਵਾਈ ਨਾ ਹੁੰਦੀ,
ਸਭ ਦਾ ਨਿਸ਼ਾਨਾ ਕੋਈ ਗਰਜ ਨਾ ਹੁੰਦਾ,
ਸੱਚੀਂ ਕਹਾਂ ਮੈਂ ਕਵੀ ਨਹੀਂ ਸੀ ਹੋਣਾ।

ਫੁੱਲਾਂ ਦੇ ਸੀਨੇ ਜੇ ਪਤਝੜ ਨਾ ਲਹਿੰਦੀ,
ਮੱਸਿਆ 'ਚ ਤਾਰਿਆਂ ਦੀ ਅੱਖ ਜੇ ਨਾ ਵਹਿੰਦੀ,
ਪੁੰਨਿਆਂ ਦਾ ਚੰਨ ਸਾਡੀ ਅਰਜ਼ ਨਾ ਹੁੰਦਾ,
ਸੱਚੀਂ ਕਹਾਂ ਮੈਂ ਕਵੀ ਨਹੀਂ ਸੀ ਹੋਣਾ।

•

# ਨਾਨੀ

ਅੰਮੜੀ ਗਈ ਤੇ ਮਮਤਾ ਵਾਲੀ ਰਵਾਨੀ ਚਲੀ ਗਈ।
ਨਾਨਕਿਆਂ ਦਾ ਲਾਡ ਗਿਆ ਜੇ ਨਾਨੀ ਚਲੀ ਗਈ।
ਕਿਹੜੀ ਡਾਹੁੰਦੀ ਚਰਖਾ ਅੱਜਕਲ੍ਹ, ਕੱਤੇ ਕੌਣ ਗਲੋਟੇ,
ਛਿੱਕੂ ਸਜਦੇ ਕੰਧਾਂ ਤੇ ਨਾ ਸੂਈਆਂ ਚੁਭਦੀਆਂ ਪੋਟੇ।
ਵਿਸਰ ਗਈਆਂ ਨੇ ਪੂਣੀਆਂ ਕਿਧਰੇ ਕਾਨੀ ਚਲੀ ਗਈ।
ਨਾਨਕਿਆਂ ਦਾ ਲਾਡ ਗਿਆ ਜੇ ਨਾਨੀ ਚਲੀ ਗਈ।

ਭੱਤਾ ਲੈ ਕੇ ਜਾਣਾ ਅੱਜ ਕਲ੍ਹ ਸੱਭੇ ਗਈਆਂ ਨੇ ਭੁੱਲ,
ਪਹਿਲਾਂ ਵਾਂਗੂੰ ਖੇਤਾਂ ਵਿੱਚ ਖਿੜਨ ਕਪਾਹੀਂ ਫੁੱਲ,
ਨਰਮੇ ਅਤੇ ਕਮਾਦ ਦੀ ਵਿਸਰ ਜਵਾਨੀ ਚਲੀ ਗਈ।
ਨਾਨਕਿਆਂ ਦਾ ਲਾਡ ਗਿਆ ਜੇ ਨਾਨੀ ਚਲੀ ਗਈ।

ਤਾਣਾ-ਤਣਨ ਲਈ ਕਿਸੇ ਦੀ ਹੁਣ ਬੇਬੇ ਨਾ ਪਾਉਂਦੀ ਜ਼ੋਰ,
ਦਰੀਆਂ ਦੇ ਖੋ ਗਏ ਨਮੂਨੇ ਵਿਸਰੇ ਤਿੱਤਰ ਮੋਰ,
ਫੁੱਲਾਂ ਵਾਲੀ ਵੇਲ ਦੀ ਰੁੱਤ ਮਸਤਾਨੀ ਚਲੀ ਗਈ।
ਨਾਨਕਿਆ ਦਾ ਲਾਡ ਗਿਆ ਜੇ ਨਾਨੀ ਚਲੀ ਗਈ।

ਨਾਲ ਕਰੋਸ਼ੀਏ ਬੁਣਨਾ ਕੋਈ ਰੁਮਾਲ ਵੀ ਚਾਹੁੰਦੀ ਨਾ,
ਬੁਣਦੀ ਨਾ ਕੋਈ ਪੱਖੀਆਂ ਤੇ ਕੋਈ ਝਾਲਰ ਲਾਉਂਦੀ ਨਾ,
ਮਰ ਗਈ ਰੁੱਤ ਕਸ਼ੀਦਿਆਂ ਦੀ ਹੋ ਫਾਨੀ ਚਲੀ ਗਈ।
ਨਾਨਕਿਆਂ ਦਾ ਲਾਡ ਗਿਆ ਜੇ ਨਾਨੀ ਚਲੀ ਗਈ।

ਚਾਨਣੀਆਂ ਰਾਤਾਂ ਵਿੱਚ ਕੁੜੀਆਂ ਰਲ ਨਾ ਪਾਵਣ ਛੋਪ,
ਟਿਊਬਾਂ ਦੇ ਵਿੱਚ ਪੜ੍ਹਦਿਆਂ ਵੀ ਨਾ ਨੈਣਾਂ ਰਹਿੰਦੇ ਲੋਟ,
ਬਿਖ਼ਰ ਗਈਆਂ ਨੇ ਸਾਂਝਾਂ ਟੁੱਟਕੇ ਗਾਨੀ ਚਲੀ ਗਈ।
ਨਾਨਕਿਆਂ ਦਾ ਲਾਡ ਗਿਆ ਜੇ ਨਾਨੀ ਚਲੀ ਗਈ।

•

# ਵੀਰ

ਵੇ ਵੀਰਨਾ ਤੂੰ ਸਾਡਾ ਜੱਗ ਵਿੱਚ ਸੀਰ ਵੇ
ਭੈਣਾਂ ਤੋਂ ਨਾ ਟੁੱਟੀਂ ਕੱਢ ਬੈਠੀਂ ਨਾ ਲਕੀਰ ਵੇ

1) ਬਾਪੂ ਦੇ ਬੁਢੇਪੇ ਦੀ ਤੂੰ ਆਸ ਦੀ ਡੰਗੋਰੀ ਵੇ,
ਵੇਖੀਂ ਨਾ ਵਿਸਾਰ ਦੇਵੀਂ ਅੰਮੜੀ ਦੀ ਲੋਰੀ ਵੇ,
ਮੰਗਿਆ ਸੀ ਤੈਨੂੰ ਬਣ ਰੱਬ ਦੇ ਫ਼ਕੀਰ ਵੇ।
ਵੇ ਵੀਰਨਾ ਤੂੰ ਸਾਡਾ ਜੱਗ ਵਿੱਚ ------।

2) ਲਾਹੁੰਦੀਆਂ ਨੇ ਭੈਣਾਂ ਸਦਾ ਵੀਰਾਂ ਤੋਂ ਬਲਾਵਾਂ ਵੇ,
ਮਾਵਾਂ ਵਾਂਗੂੰ ਦਿੰਦੀਆਂ ਨੇ ਦਿਲਾਂ ਚੋਂ ਦੁਆਵਾਂ ਵੇ,
ਰੱਖੜੀ ਤੋਂ ਪਿਆਰੀ ਹੁੰਦੀ ਕੋਈ ਨਾ ਜਗੀਰ ਵੇ।
ਵੇ ਵੀਰਨਾ ਤੂੰ ਸਾਡਾ ਜੱਗ ਵਿੱਚ --------।

3) ਵਿਆਹ ਪਿੱਛੋਂ ਬਣੀਂ ਵੀਰਾ ਵੱਧ ਜ਼ਿੰਮੇਵਾਰ ਵੇ,
ਮਾਪਿਆਂ ਦੀ ਸੇਵਾ ਕਰੀਂ ਭਾਬੋ ਨੂੰ ਵੀ ਪਿਆਰ ਵੇ,
ਘਰ ਦਾ ਤੂੰ ਰਾਜਾ ਭਾਬੋ ਰਾਣੀ ਤਾਂ ਵਜ਼ੀਰ ਵੇ,
ਵੇ ਵੀਰਨਾ ਤੂੰ ਸਾਡਾ ਜੱਗ ਵਿੱਚ ------।

4) ਨਿਭੀਂ ਤਾਂ ਤੂੰ ਨਿਭੀਂ ਵੀਰਾ ਨਵਿਆਂ ਦੇ ਨਾਲ ਵੇ,
ਅੰਮੀਂ ਦੀਆਂ ਜਾਈਆਂ ਦਾ ਵੀ ਰੱਖੀਂ ਤੂੰ ਖਿਆਲ ਵੇ,
ਭੈਣਾਂ ਦੀ ਤਾਂ ਵੀਰ ਹੁੰਦੇ ਲੋੜੀਂਦੀ ਜਗੀਰ ਵੇ,
ਵੇ ਵੀਰਨਾ ਤੂੰ ਸਾਡਾ ਜੱਗ ਵਿੱਚ -----।

5) ਭੋਰਾ ਨਾ ਤੂੰ ਦੇਵੀਂ ਭਾਵੇਂ ਸਰਘੀ ਸੰਧਾਰਾ ਵੇ,
ਦੁੱਖਾਂ-ਸੁੱਖਾਂ ਵਿੱਚ ਭਰੀਂ ਆ ਕੇ ਤੂੰ ਹੁੰਗਾਰਾ ਵੇ
ਉਮਰਾਂ ਦੇ ਮਾਪੇ ਹੁੰਦੇ ਭੈਣਾਂ ਲਈ ਵੀਰ ਵੇ।
ਵੇ ਵੀਰਨਾ ਤੂੰ ਸਾਡਾ ਜੱਗ ਵਿੱਚ -----।

•

# ਹਿਜ਼ਰ

1) ਰੁਕੀ ਨਾ ਸੀ ਰੋਕਿਆ ਬਥੇਰਾ ਰਾਹ ਕੱਟ ਕੇ,
ਦੂਰੋਂ-ਦੂਰੋਂ ਲੰਘ ਗਈ ਬਹਾਰ ਪਾਸਾ ਵੱਟ ਕੇ,
ਹੱਥ ਨਾ ਆਈ ਨਿਰਾ ਸੀ ਪ੍ਰਛਾਵਾਂ ਨੀ ਜ਼ਿੰਦੇ।
ਕੌਣ ਸੁਣੇ ਮੈਂ ਕਿਸਨੂੰ ਦਰਦ ਸੁਣਾਵਾਂ ਨੀ ਜ਼ਿੰਦੇ।

2) ਬਿਰਹੋ ਦੇ ਵਾਂਗੂੰ ਸੀਨਾ ਠਾਰਦੀ ਬਹਾਰ ਨਾ
ਰੂਹਾਂ ਦੀ ਇਹ ਹਾਣੀ ਇਹਨੂੰ ਜਿਸਮਾਂ ਦੀ ਸਾਰ ਨਾ
ਤਾਹੀਓਂ ਇਹਦੀ ਮਹਿੰਦੀ ਮੈਂ ਵੀ ਲਾਵਾਂ ਨੀ ਜਿੰਦੇ।
ਕੌਣ ਸੁਣੇ ਮੈਂ ਕਿਸਨੂੰ ਦਰਦ -------।

3) ਹਿਜ਼ਰ ਤੇਰੇ ਦੇ ਜਦ ਤੋਂ ਚੰਨਾ ਤੀਰਥ ਅਸੀਂ ਨਹਾਤੇ,
ਨਾ ਹੁਣ ਰੋਣ ਸਤਾਵੇ ਸਾਨੂੰ ਨਾ ਫਬਦੇ ਨੇ ਹਾਸੇ,
ਤੂੰ ਹੀ ਤੂੰ ਹੀ ਲੂੰ-ਲੂੰ ’ਚੋਂ ਕੁਰਲਾਵਾਂ ਨੀ ਜਿੰਦੇ।
ਕੌਣ ਸੁਣੇ ਮੈਂ ਕਿਸਨੂੰ ਦਰਦ ---------।

4) ਹਿਜ਼ਰ ਤੇਰੇ ਦਾ ਜਦ ਤੋਂ ਅਸੀਂ ਦੁਸ਼ਾਲਾ ਲੈ ਬੈਠੇ,
ਪਿਆਸ ਕੋਈ ਨਾ ਬਾਕੀ ਐਸਾ ਪਿਆਲਾ ਲੈ ਬੈਠੇ,
ਖ਼ੁਸ਼ੀ ਦੇ ਮਾਰੇ ਕਮਲੀ ਨਾ ਹੋ ਜਾਵਾਂ ਨੀ ਜਿੰਦੇ।
ਕੌਣ ਸੁਣੇ ਮੈਂ ਕਿਸਨੂੰ ਦਰਦ -----------।

5) ਸਾਫ ਨਜ਼ਰ ਹੈ ਆਉਂਦਾ ਸਾਨੂੰ ਹੁਣ ਤਾਂ ਉਹ ਠਿਕਾਣਾ,
ਜਿਸਦੀ ਤਾਂਘ ’ਚ ਉਮਰਾਂ ਤਾਈਂ ਭਰਦੇ ਰਹੇ ਉਡਾਣਾਂ,
ਹਿਜ਼ਰ ਤੇਰੇ ਨੂੰ ਝੁਕ-ਝੁਕ ਸੀਸ ਝੁਕਾਵਾਂ ਨੀ ਜਿੰਦੇ,
ਕੌਣ ਸੁਣੇ ਮੈਂ ਕਿਸਨੂੰ ਦਰਦ ਸੁਣਾਵਾਂ ਨੀ ਜਿੰਦੇ।

•